ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

DATE

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ਼ ਗਵਨ



੧੭ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸ੍ਰੀ ਭੈਣੀ ਸਾਹਿਬ ਤੋਂ ਪ੍ਰਦੇਸ਼ ਗਮਨ

ਤੁਰ ਚਲਿਆ ਪਰਦੇਸ ਪ੍ਰੀਤਮ, ਗਲ ਵਿਚ ਕੰਬਲੀ ਪਾ ਕੇ ।
ਕਹਿਰ ਵਿਛੋੜਾ ਜਰਨਾ ਹੋਸੀ, ਕੂਕਾਂ ਹੋ ਬਿਲਲਾ ਕੇ ।
ਇਕ ਪਲ ਜਗ ਹੋ ਬੀਤ ਗਾਨੂੰ "ਭੜਕ ਬਿਰਹੋਂ ਅਗਨੀ ।
ਜਾਣ ਕਿਸੇ ਤੱਤਾ ਸੰਗੋ ਲੱਗੀਏ" ਮਜਲੂਨ ਦਿਲੀ ਭਖਾਕੇ ।

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਸਿਆਣੇ ਆਦਮੀ ਕਹਿੰਦੇ ਹਨ ਕਿ ਕੁਦਰਤ ਦੇ ਕਾਨੂੰਨ ਅਨੁਸਾਰ ਹਰ ਚੀਜ਼ ਦੀ ਕੀਮਤ ਦੇਣੀ ਪੈਂਦੀ ਹੈ। ਇਤਿਹਾਸ ਦਸਦਾ ਹੈ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਸੱਤ ਮੁਠਾਂ ਭੰਗ ਦੀਆਂ ਭੇਟ ਕਰਨ ਤੇ ਬਾਬਰ ਨੂੰ ਸੱਤ ਪਾਤਸ਼ਾਹੀਆਂ ਬਖਸ਼ੀਆਂ ਸਨ। ਉਸੇ ਸਮੇਂ ਭਾਈ ਬਾਲਾ ਜੀ ਦੇ ਰੋਸ ਕਰਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ ਕਿ ਸੱਤ ਸਿਰ ਦੇ ਕੇ ਰਾਜ ਵਾਪਸ ਲਵਾਂਗੇ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੇ ਧਰਮ ਹੇਤ ਸੀਸ ਦੇਣ ਉਪਰੰਤ ਹੀ ਪੰਜਾਬ ਵਿਚ ਖਾਲਸਾ ਰਾਜ ਕਾਇਮ ਹੋਇਆ ਸੀ। ਫਿਰ ਸਿਖਾਂ ਦੀ ਆਪਸੀ ਫੁਟ ਕਾਰਨ ਅਤੇ ਗੁਰੂ ਜੀ ਦੇ ਹੁਕਮ ਭੁਲ ਜਾਣ ਕਾਰਨ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ ਸੀ ਬਦੇਸ਼ੀ ਧੋਖਾ ਬਾਜ਼ ਅੰਗਰੇਜ਼ੀ ਹਕੂਮਤ ਨੂੰ ਖਤਮ ਕਰਨ ਵਾਸਤੇ ਜਿਥੇ ੮੦ (ਅੱਸੀ) ਸੀਸ ਲਗਣੇ ਲਿਖੇ ਹਨ ਉਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ਼ ਜਾਣਾ ਵੀ ਲਿਖਿਆ ਹੈ

**ਸਕਲ ਭਵਾ ਦੀਪ ਮੈ ਜਾਹੀ ।**

**ਹੋਇ ਕ੍ਰਿਪਾਲ ਪ੍ਰਭ ਦਰਸ ਦਿਖਾਹੀ ॥**

ਭਾਵੇਂ ਭਾਈ ਬੁਧ ਸਿੰਘ ਜੀ ਨੇ (ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ) ਬੜੀ ਬੇਨਤੀ ਕੀਤੀ ਸੀ ਕਿ ਮੈਂ ਇਹ ਦੋਸ਼ ਮੰਨ ਲੈਂਦਾ ਹਾਂ ਕਿ ਸਿਖਾਂ ਨੂੰ ਮੈਂ ਮਲੇਰ ਕੋਟਲੇ ਜਾਣ ਲਈ ਆਖਿਆ ਸੀ ਅਤੇ ਹੋਰ ਵੀ ਜਿਹੜਾ ਦੋਸ਼ ਅੰਗਰੇਜ਼ ਆਪ ਜੀ ਤੇ ਲਾਉਣ, ਮੈਂ ਮੰਨ ਲੈਂਦਾ ਹਾਂ, ਆਪ ਇਥੇ ਹੀ ਸਾਧ ਸੰਗਤ ਨੂੰ ਦਰਸ਼ਨ ਦੇਂਦੇ ਰਹੋ ਅਤੇ ਮੈਂ ਆਪ ਜੀ ਦੀ ਥਾਂ ਪ੍ਰਦੇਸ਼ ਚਲਾ ਜਾਂਦਾ ਹਾਂ

**ਈਹਾਂ ਤੁਅ ਸੁਹਾਵਤੇ ਹੈਂ**

**ਦਾਸ ਦੋਸ਼ ਚਾਇਲੇ**

ਪਰ ਰਜ਼ਾ ਦੇ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਹਿਆ, ਭਾਈ ਇਹ ਮੇਰਾ ਹੀ ਕੰਮ ਹੈ, ਤੁਸੀਂ

**ਬੋਲੇ ਤੁਮ ਪੀਛੇ ਸਭ ਕਾਰ**

**ਈਹਾਂ ਰਾਖੋ ਭਲੀ ਪ੍ਰਕਾਰ**

ਲਿਖਣ ਦਾ ਭਾਵ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ਼ ਅਵੱਸ਼ ਹੀ ਜਾਣਾ ਸੀ ਤਾਹੀਓਂ ਤਾਂ ਪ੍ਰਦੇਸ਼ ਜਾਣ ਤੋਂ ਪਹਿਲਾਂ ਕਈ ਵੇਰ ਆਪ ਵੀ ਪ੍ਰਦੇਸ਼ ਜਾਣ ਦੇ ਬਚਨ ਕਰਦੇ ਸਨ ਅਤੇ ਕਈ ਵੇਰ ਸਿਖਾਂ ਦੇ ਮੂੰਹੋਂ ਵੀ ਪ੍ਰਦੇਸ਼ ਜਾਣ ਬਾਰੇ ਬਚਨ ਕਰਵਾ ਲੈਂਦੇ ਸਨ ਜਿਵੇਂ ਕਿ

ਸੰਨ ੧੮੬੩ ਦੀ ਵੈਸਾਖੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਏ ਸਨ । ਉਥੇ ਮੱਥਾ ਟੇਕਣ ਵਾਲਿਆਂ ਦੀ ਇੰਨੀ ਭੀੜ ਸੀ ਕਿ ਸਤਿਗੁਰੂ ਜੀ ਨੂੰ ਚੌਂਤਾ ਛਡਣ ਵਾਸਤੇ ਜਾਣਾ ਵੀ ਮੁਸ਼ਕਲ ਹੋ ਗਿਆ । ਬੜੇ ਨਾਰਾਜ਼ ਹੋ ਕੇ ਬਚਨ ਕੀਤਾ "ਅਜ ਰਾਮ ਸਿੰਘ ਸਸਤਾ ਹੈ, ਸਮਾਂ ਆਵੇਗਾ ਮਹਿੰਗਾ ਹੋ ਜਾਏਗਾ, ਦੂਰ ਜਾ ਬੈਠਾਂਗਾ"

ਇਕ ਵੇਰ ਬਾਬਾ ਬੁਢਾ ਸਿੰਘ ਜੀ ਵਾਂ ਵਾਲੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਭੈਣੀ ਸਾਹਿਬ ਆਏ । ਸਤਿਗੁਰੂ ਜੀ ਨੇ ਬਚਨ ਕੀਤਾ, ਬੁੱਢਾ ਸਿੰਘਾ, ਤੈਨੂੰ ਬਖਸ਼ਿਆ, ਫਿਰ ਕੁਝ ਚਿਰ ਰੁਕ ਕੇ ਬਚਨ ਕੀਤਾ ਤੈਨੂੰ ਤਾਂ ਆਖਦਾ ਏ ਬਖਸ਼ਿਆ ਸਾਡੀ ਬਾਬਤ ਵੀ ਦੱਸ । ਬਾਬਾ ਜੀ ਨੇ ਆਖਿਆ "ਤੈਨੂੰ ਹੁਣ ਮਿਸਰੀਆਂ ਦੇ ਸ਼ਰਬਤ ਨਹੀ ਮਿਲਣੇ.. ਸਮੁੰਦੋਂ ਪਾਰ ਜਾਣਾ ਪਏਗਾ"

ਮਾਈ ਕਰਮੋ ਬੜੀ ਰੀਝ ਨਾਲ ਤਿਆਰ ਕਰ ਕੇ ਇਕ ਕਾਲੀ ਕੰਬਲੀ ਲਿਆਈ ਸੀ । ਸਤਿਗੁਰੂ ਜੀ ਨੇ ਮਾਈ ਨੂੰ ਕਹਿਆ, "ਲੈ ਆਈ ਏਂ ਪ੍ਰਦੇਸ ਜਾਣ ਦਾ ਸਾਮਾਨ"

ਸੂਬਾ ਸਾਹਿਬ ਸਾਹਿਬ ਜੀ ਦੇ ਛੋਟੇ ਭਾਈ ਜੀਊਣ ਸਿੰਘ ਜੀ ਨੂੰ ਦ੍ਰਿਸ਼ਟਾਂਤ ਆਇਆ ਕਿ ਸਿੰਘ ਤੋਪਾਂ ਅਗੇ ਸ਼ਹੀਦ ਹੋ ਰਹੇ ਨੇ ਅਤੇ ਸਤਿਗੁਰੂ ਜੀ ਪ੍ਰਦੇਸ ਜਾ ਰਹੇ ਹਨ । ਉਸ ਨੇ ਆਪਣੇ ਭਾਈ ਸੂਬਾ ਸਾਹਿਬ ਸਿੰਘ ਜੀ ਨੂੰ ਦੱਸਿਆ । ਸੂਬਾ ਜੀ ਨੇ ਸਤਿਗੁਰੂ ਜੀ ਨੂੰ ਦਸਿਆ । ਸਤਿਗੁਰੂ ਜੀ ਨੇ ਫੁਰਮਾਇਆ ਕਿ ਮੇਰੇ ਪ੍ਰਦੇਸ ਜਾਣ ਤੋਂ ਬਿਨਾ ਧਰਮ ਨਹੀਂ ਬਚ ਸਕਦਾ । ਮੈਨੂੰ ਅਵੱਸ਼ ਹੀ ਜਾਣਾ ਪੈਣਾ ਹੈ

ਇਸ ਤਰ੍ਹਾਂ ਕਈ ਵੇਰ ਪ੍ਰਦੇਸ ਜਾਣ ਦੇ ਬਚਨ ਕਰਦੇ ਰਹਿੰਦੇ ਸਨ ਅਖੀਰ ਕਾਰਨ ਬਣ ਗਿਆ ਅਤੇ ਸਮਾਂ ਆ ਗਿਆ

ਮਲੇਰ ਕੋਟਲੇ ਤੇ ਹਮਲਾ ਕਰਨ, ਅਤੇ ਬੁਚੜਾਂ ਨੂੰ ਉਨ੍ਹਾਂ ਦੇ ਪੱਖੀਆਂ ਸਮੇਤ ਸੋਧਣ ਪਿਛੋਂ, ਬਗੈਰ ਮੁਕੱਦਮਾ ਚਲਾਉਣ ਅਤੇ ਬਗੈਰ ਕਿਸੇ ਦੇ ਬਿਆਨ ਲੈਣ ਤੋਂ ੬੫ ਨਾਮਧਾਰੀਆਂ ਨੂੰ ਤੋਪਾਂ ਸਾਮ੍ਹਣੇ ਉਡਾਇਆ ਗਿਆ ਅਤੇ ਇਕ ਬਾਲਕ ਸਿਖ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ ।

ਸ੍ਰੀ ਸੰਤੋਖ ਸਿੰਘ ਜੀ ਸੰਤ ਨਗਰ ਵਾਲੇ ਲਿਖਦੇ ਹਨ

ਦਾੜ੍ਹੀ ਗੋਰੇ ਦੀ ਫੜ ਝਟਕ ਆਖੇ, ਰਸ ਰਖ ਲੈ ਗਲਾਂ ਉਚਾਰੀਆਂ ਦਾ ।
ਜਾਵੇ ਜਾਨ, ਪਰ ਧਰਮ ਨਾ ਛਡਣਾਂ ਏ, ਏਹੋ ਸਬਕ ਹੈ ਪਹਿਲਾ ਨਾਮਧਾਰੀਆਂ ਦਾ ।
ਔਖਾ ਵੇਖ ਗੋਰਾ, ਸ਼ਾਹੀ ਨੌਕਰਾਂ ਨੇ, ਕੀਤਾ ਸਿੰਘ ਤੇ ਵਾਰ ਕਟਾਰੀਆਂ ਦਾ ।
ਪਹਿਲਾਂ ਸੀਸ ਲਥਾ, ਪਿਛੋਂ ਹਥ ਛੁਟੇ, ਚਿਤ ਕੰਬਿਆ ਵੇਖ ਗਦਾਰੀਆਂ ਦਾ ।
ਵੇਖਣ ਵਾਲਿਆਂ ਹੋ ਬੇਵਸ ਕਿਹਾ, ਬੇੜਾ ਗਰਕ ਹੋ ਜਾਏ ਅਹੰਕਾਰੀਆਂ ਦਾ ।
ਜਸ ਸਿਦਕ ਸੰਤੋਖ ਦਾ ਜਗ ਅੰਦਰ, ਸੂਰਜ ਵਾਂਗ ਚਮਕੇ ਨਾਮਧਾਰੀਆਂ ਦਾ ।

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ੀ ਸਰਕਾਰ ਸਾਰੇ ਭਾਰਤ ਵਿਚ ਅਤੇ ਖਾਸ ਕਰ ਪੰਜਾਬ ਵਿਚ ਕਿਸੇ ਕਿਸਮ ਦਾ ਸੰਗਠਣ ਬਣਨ ਦੇਣਾ ਨਹੀਂ ਸੀ ਚਾਹੁੰਦੀ। ਕੋਈ ਐਸੀ ਤਹਿਰੀਕ ਉੱਠਣ ਨਹੀਂ ਸੀ ਦੇਣਾ ਚਾਹੁੰਦੀ ਜਿਹੜੀ ਉਸਦੇ ਵਿਰੁਧ ਪਰਚਾਰ ਕਰੇ। ਅੰਗਰੇਜ਼ਾਂ ਨੇ ... ਸਿਖਾਂ ਕੋਲੋਂ ਹਲੀ ਨਵਾਂ ਨਵਾਂ ਰਾਜ ਖੋਹਿਆ ਸੀ ਇਸ ਲਈ ਸਿਖਾਂ ਕੋਲੋਂ ਖਤਰਾ ਮਹਿਸੂਸ ਕਰਦੇ ਸਨ।

ਸ੍ਰੀ ਸਤਿਗੁਰ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਰਕਾਰ ਦੀ ਪਰਵਾਹ ਨ ਕਰਦਿਆਂ ਹੋਇਆਂ ਸੂਬੇ ਅਤੇ ਨਾਇਬ ਸੂਬੇ ਬਣਾ ਕੇ ਜਥੇਬੰਦੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਜਿਸਦਾ ਅਸਰ ਇਹ ਹੋਇਆ ਕਿ ਥੋੜੇ ਸਮੇਂ ਵਿਚ ਲਖਾਂ ਹੀ ਨਾਮਧਾਰੀ ਜਥੇਬੰਦ ਹੋ ਗਏ। ਇਹ ਸਿਖ ਸਤਿਗੁਰੂ ਜੀ ਨੂੰ ਸੱਚਾ ਪਾਤਸ਼ਾਹ ਕਰਕੇ ਮੰਨਦੇ ਸਨ ਅਤੇ ਸਤਿਗੁਰੂ ਜੀ ਦੇ ਹੁਕਮ ਨੂੰ ਮੰਨਣਾ ਅਪਣੀ ਖੁਸ਼ਕਿਸਮਤੀ ਸਮਝਦੇ ਸਨ। ਅੰਗਰੇਜ਼ ਇਹ ਸਹਾਰ ਨਹੀਂ ਸਨ ਸਕਦੇ ਕਿ ਉਨਾਂ ਦੇ ਪਾਤਸ਼ਾਹ ਤੋਂ ਬਿਨਾ ਕਿਸ ਹੋਰ ਨੂੰ ਪਾਤਸ਼ਾਹ ਆਖਿਆ ਜਾਏ ਜਾਂ ਕਿਸੇ ਇਕ ਆਦਮੀ ਦੇ ਹੁਕਮ ਅੰਦਰ ਲਖਾਂ ਆਦਮੀ ਹੋਣ। ਨਾਮਧਾਰੀਆਂ ਦੇ ਨਾ ਮਿਲ਼ਵਰਤਣੀ ਪ੍ਰੋਗਰਾਮ ਅਤੇ ਸੁਦੇਸ਼ੀ ਚੀਜ਼ਾਂ ਦੇ ਵਰਤਣ ਦੇ ਪਰਚਾਰ ਨੇ ਅੰਗਰੇਜ਼ਾਂ ਨੂੰ ਚੌਕੰਨਿਆਂ ਕਰ ਦਿਤਾ ਸੀ। ਨਾਮਧਾਰੀ ਝਗੜਿਆਂ ਦੇ ਫੈਸਲੇ ਸੂਬਿਆਂ ਕੋਲੋਂ ਹੋਣ ਕਰਕੇ ਅੰਗਰੇਜ਼ਾਂ ਨੇ ਇਸ ਪ੍ਰੋਗਰਾਮ ਨੂੰ ਇਕ ਸਮਾਨੰਤਰ ਸਰਕਾਰ ਸਮਝਿਆ (PARALLEL GOVERNMENT)। ਫਿਰ ਜਦੋਂ ਅੰਗਰੇਜ਼ਾਂ ਨੂੰ ਪਤਾ ਲਗਾ ਕਿ ਨਾਮਧਾਰੀ, ਫੌਜੀ ਸਿਖਲਾਈ ਲੈਣ ਵਾਸਤੇ ਅਤੇ ਜੰਗੀ ਹਥਿਆਰਾਂ ਵਿਚ ਨਿਪੁੰਨਤਾ ਹਾਸਲ ਕਰਨ ਵਾਸਤੇ ਜੰਮੂ ਕਸ਼ਮੀਰ ਦੀਆਂ ਫੌਜਾਂ ਵਿਚ ਭਰਤੀ ਹੋ ਰਹੇ ਹਨ ਅਤੇ ਰੂਸ ਕੋਲੋਂ ਮਦੱਦ ਲੈਣ ਵਾਸਤੇ ਰੂਸ ਨਾਲ ਆਂਢਾ ਸਾਂਢਾ ਕਰ ਰਹੇ ਹਨ ਤਾਂ ਇਨ੍ਹਾਂ ਨੂੰ ਸਖ਼ੇ ਕੰਪਣੀ ਅੱਗ ਲੱਗ ਗਈ। ਹੁਣ ਉਹ ਇਸ ਤਹਿਰੀਕ ਨੂੰ ਕੁਚਲਣ ਲਈ ਬਹਾਨਾ ਲਭ ਰਹੇ ਸਨ। ਨਾਮਧਾਰੀਆਂ ਵਲੋਂ ਮਲੇਰ ਕੋਟਲੇ ਤੇ ਹਮਲਾ ਕਰਨ ਨਾਲ ਅੰਗਰੇਜ਼ਾਂ ਨੂੰ ਨਾਮਧਾਰੀਆਂ ਤੇ ਵਾਰ ਕਰਨ ਦਾ ਮੌਕਿਆਂ ਮਿਲ ਗਿਆ। ਨਾਮਧਾਰੀਆਂ ਨੂੰ ਬੜੀ ਖੂੰਖਾਰ ਦਰਿੰਦਗੀ ਨਾਲ ਤੋਪਾਂ ਨਾਲ ਉਡਾਣ ਪਿਛੋਂ, ਇਸ ਤਹਿਰੀਕ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲ ਧਿਆਨ ਕੀਤਾ

ਅੰਤਰਜਾਮੀ ਸਤਿਗੁਰੂ ਜੀ ਭਾਵੇਂ ਵਰਤਣ ਵਾਲੇ ਸਾਰੇ ਹਾਲਾਤ ਜਾਣਦੇ ਸਨ ਪਰ ਫਿਰ ਵੀ ਉਨ੍ਹਾਂ ਮਲੇਰ ਕੋਟਲੇ ਵਲ ਨਾਮਧਾਰੀਆਂ ਦੇ ਜਾਣ ਤੋਂ ਪਹਿਲਾਂ ਪੁਲੀਸ ਨੂੰ ਖਬਰ ਭੇਜ ਦਿੱਤੀ ਸੀ ਕਿ ਕੁਝ ਨਾਮਧਾਰੀ ਮੇਰੀ ਮਰਜ਼ੀ ਅਥਵਾ ਮੇਰਾ ਹੁਕਮ ਨ ਮੰਨਦੇ ਹੋਏ ਲੜਾਈ ਝਗੜੇ ਵਾਸਤੇ ਮਲੇਰ ਕੋਟਲੇ ਜਾ ਰਹੇ ਹਨ। ਮੈਂ ਸਰਕਾਰ ਨੂੰ ਇਹ ਖਬਰ ਇਸ ਲਈ ਭੇਜੀ ਹੈ ਕਿ ਅਪਣਾ ਇੰਤਜ਼ਾਮ ਕਰ ਲਵੇ ਮੈਂ ਕਿਸੇ ਵੀ ਅਨਰਥ ਦਾ ਜਿਮੇਂਵਾਰ ਨਹੀਂ

Sri Satguru Jagjit Singh Ji Elibrary NamdhariElibrary@gmail.com

ਭਾਵੇਂ ਸ੍ਰੀ ਸਤਿਗੁਰੂ ਜੀ ਨੇ ਪਹਿਲੋਂ ਹੀ ਪੁਲੀਸ ਨੂੰ ਇੱਤਲਾ ਭੇਜ ਦਿੱਤੀ ਸੀ ਪਰ ਸਰਕਾਰ ਤਾਂ ਯੋਗ ਜਾਂ ਅਯੋਗ, ਕਿਸੇ ਤਰੀਕੇ ਨਾਲ ਵੀ ਸਤਿਗੁਰੂ ਜੀ ਨੂੰ ਗਿਰਫਤਾਰ ਕਰਨਾ ਚਾਹੁੰਦੀ ਸੀ

ਅੰਬਾਲਾ ਕਮਿਸ਼ਨਰੀ ਦਾ ਸਾਬਕ ਕਮਿਸ਼ਨਰ ਮਿਸਟਰ ਮੈਕਨਬ ਲਿਖਦਾ ਹੈ :-

" .... ਬੁਚੜਾਂ ਦੇ ਕਤਲ ਗੁਰੂ ਰਾਮ ਸਿੰਘ ਜੀ ਦੀ ਆਗਿਆ ਨਾਲ ਹੋਏ ਹਨ । ਜੇ ਉਸ ਉਤੇ ਕਾਤਲਾਂ ਲਈ ਸ਼ਹਿ ਅਤੇ ਚੁਕ ਦੇਵਣ ਦਾ ਮੁਕੱਦਮਾ ਅਦਾਲਤ ਵਿਚ ਸਾਬਤ ਨ ਵੀ ਹੋ ਸਕੇ ਤਾਂ ਵੀ ਉਸ ਨੂੰ ਬਰੀ ਨਹੀਂ ਕਰਨਾ ਚਾਹੀਦਾ । ਸਗੋਂ ਇਹ ਫੈਸਲਾ ਦੇਣਾ ਚਾਹੀਦਾ ਹੈ ਕਿ ਉਸਦੇ ਖਿਲਾਫ ਮੁਕੱਦਮਾ ਸਾਬਤ ਨਹੀਂ ਹੋ ਸਕਿਆ **ਪਰ ਉਹ ਦੋਸ਼ੀ ਜ਼ਰੂਰ ਹੈ** । ਮੁਕੱਦਮਾ ਸਾਬਤ ਨ ਹੋਣ ਦੀ ਸੂਰਤ ਵਿਚ ਉਸਦੇ ਖਿਲਾਫ ਬੰਗਾਲ ਐਕਟ ਨੰ: ੩ ਸੰਨ ੧੮੧੮ ਦੀ ਕਾਰਵਾਈ ਕਰਨੀ ਚਾਹਦੀ ਹੈ । ਮੇਰੀ ਇਹ ਪੱਕੀ ਰਾਏ ਹੈ ਕਿ ਗੁਰੂ ਰਾਮ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਟਾਪੂ ਵਿਚ ਭੇਜ ਦਿੱਤਾ ਜਾਵੇ ----- "

ਇਸੇ ਤਰਾਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਕਲਕੱਤੇ ਦੇ ਗਵਰਨਰ ਜਰਨਲ ਨੂੰ ਤਾਰ ਰਾਹੀਂ, ਇਕ ਗੁਪਤ ਸੁਨੇਹਾ ਭੇਜਿਆ ਸੀ ਜੋ ਇਸ ਤਰ੍ਹਾਂ ਹੈ :-

" ਪਹਿਲੇ ਵਾਕਿਆਤ ਨੂੰ ਧਿਆਨ ਵਿਚ ਰਖਦਿਆਂ ਇਹ ਉਪੱਦਰ ਦਸਦੇ ਹਨ ਕਿ ਇਸ ਮਤ ਦੇ ਆਗੂਆਂ ਦੀ ਲਾਇਲਾਜ ਸਾਜ਼ਸ਼ ਹੈ । ਜਿੰਨਾ ਚਿਰ ਇਹ ਆਜ਼ਾਦ ਫਿਰਦੇ ਹਨ, ਮੁਲਕ ਸੁਰੱਖਿਅਤ ਨਹੀਂ । ਇਸ ਲਈ ਮੈਂ ਫੋਰਸਿਥ ਨੂੰ ਅਧਿਕਾਰ ਦਿੱਤਾ ਹੈ ਕਿ ਰਾਮ ਸਿੰਘ ਅਤੇ ਮੁਖੀ ਸੂਬਿਆਂ ਨੂੰ ਫੜ ਲਿਆ ਜਾਏ "

ਇਨ੍ਹਾਂ ਰਿਪੋਰਟਾਂ ਤੋਂ ਸਾਫ ਪਤਾ ਲਗ ਜਾਂਦਾ ਹੈ ਕਿ ਅੰਗਰੇਜ਼ਾਂ ਦੇ ਦਿਲਾਂ ਵਿਚ ਦਹਿਸ਼ਤ ਬਹਿ ਗਈ ਸੀ ਅਤੇ ਸਤਿਗੁਰੂ ਜੀ ਨੂੰ ਜਲਦੀ ਤੋਂ ਜਲਦੀ ਗਿਰਫਤਾਰ ਕਰਨਾ ਚਾਹੁੰਦੇ ਸਨ । ਅਖੀਰ ਅੰਬਾਲੇ ਦੇ ਕਮਿਸ਼ਨਰ ਲੈਫਟੀਨੈਂਟ ਗਵਰਨਰ ਟੀ ਡੀ ਫੋਰਸਿਥ ਦੇ ਹੁਕਮ ਅਨੁਸਾਰ ਕਰਨਲ ਬੇਲੀ ਸਤਿਗੁਰੂ ਜੀ ਨੂੰ ਗਿਰਫਤਾਰ ਕਰਨ ਵਾਸਤੇ ਸ੍ਰੀ ਭੈਣੀ ਸਾਹਿਬ ਆਇਆ । ਇਹ ੧੭-੧੮ ਜਨਵਰੀ ਸੰਨ ੧੮੭੨ ਦੀ ਵਿਚਲੀ ਰਾਤ ਸੀ । ਕਰਨਲ ਬੇਲੀ ਕੋਲ ਨ ਕੋਈ ਵਾਰੰਟ ਸੀ ਅਤੇ ਨਾ ਹੀ ਸੰਮਨ ਸੀ । ਉਸਨੇ ਪਿੰਡ ਦੇ ਬਾਹਰੋਂ ਹੀ ਸਤਿਗੁਰੂ ਜੀ ਨੂੰ ਬੁਲਾ ਭੇਜਿਆ । ਸਤਿਗੁਰੂ ਜੀ ਨੇ ਕੋਈ ਉਜ਼ਰ ਨ ਕੀਤਾ, ਝਟ ਮਾਈ ਕਰਮੋ ਵਾਲੀ ਕੰਬਲੀ ਉਢ ਲਈ ਅਤੇ ਗੱਡੇ ਨੂੰ ਜੋੜਨ ਦਾ ਹੁਕਮ ਦੇ ਦਿੱਤਾ

ਸਤਿਗੁਰ ਹੋ ਪਏ ਤਿਆਰ, ਚਲੇ ਸਮੁੰਦਰਾਂ ਤੋਂ ਪਾਰ
ਹਟਦੇ ਮੇਟੇ ਇਹ ਅੱਖਰ, ਜਿਹੜੇ ਲਿਖ ਕਰਤਾਰ ਦੇ

Sri Satguru Jagjit Singh Ji Elibrary NamdhariElibrary@gmail.com

ਪੋਲੀਸ ਦੇ ਆਉਣ ਦੀ ਅਤੇ ਸਤਿਗੁਰ ਜੀ ਦੇ ਤਿਆਰ ਹੋ ਜਾਣ ਦੀ ਖ਼ਬਰ ਸਾਰੇ ਭੈਣੀ ਸਾਹਿਬ ਵਿਚ ਅਤੇ ਨੇੜੇ ਦੇ ਪਿੰਡਾਂ ਵਿਚ ਬਿਜਲੀ ਵਾਂਗ ਫਿਰ ਗਈ। ਸਾਰੇ ਲੋਕ ਹੱਥਲੇ ਕੰਮ ਵਿਚੇ ਛੱਡ ਕੇ ਰੋਂਦੇ ਕੁਰਲਾਂਦੇ ਸਤਿਗੁਰੂ ਜੀ ਕੋਲ ਪਹੁੰਚ ਗਏ। ਸਾਰੀ ਸੰਗਤ ਨੇ ਰੋ ਰੋ ਕੇ ਸਤਿਗੁਰ ਜੀ ਅਗੇ ਨ ਜਾਣ ਦੀ ਬੇਨਤੀ ਕੀਤੀ ਪਰ ਰਜ਼ਾ ਦੇ ਮਾਲਕ ਨੇ ਸਭ ਨੂੰ ਭਾਣਾ ਮੰਨਣ ਲਈ ਹੁਕਮ ਕੀਤਾ। ਸਤਿਗੁਰੂ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਹਾਲੋਂ ਬੇਹਾਲ ਹੋਇਆਂ, ਭੁਬਾਂ ਮਾਰ ਮਾਰ ਕੇ ਰੋ ਰਹੇ ਸਨ ਅਤੇ ਕਹਿ ਰਹੇ ਸਨ ਕਿ ਇਹ (ਸਤਿਗੁਰੂ ਜੀ) ਇਸ ਤਰ੍ਹਾਂ ਵਿਛੋੜਾ ਦੂਜੀ ਵਾਰ ਦੇ ਰਹੇ ਹਨ। ਪਹਿਲੀ ਵਾਰ ਤ੍ਰੇਤੇ ਜੁਗ ਵਿਚ ਸ੍ਰੀ ਰਾਮ ਚੰਦ੍ਰ ਜੀ ਦੇ ਰੂਪ ਵਿਚ ਮੈਂ ਦਸਰਥ ਨੂੰ ਦਿੱਤਾ ਸਨ ਤੇ ਅਤੇ ਹੁਣ ਫਿਰ ਦੇ ਰਹੇ ਹਨ। ਸਤਿਗੁਰੂ ਜੀ ਨੇ ਬਾਬਾ ਜੀ ਨੂੰ ਧੀਰਜ ਦਿੱਤੀ ਅਤੇ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਪ੍ਰੇਰਨਾ ਦਿੱਤੀ। ਆਪ ਜੀ ਦੇ ਛੋਟੇ ਵੀਰ ਭਾਈ ਬੁਧ ਸਿੰਘ ਜੀ ਨੇ ਅਖੀਆਂ ਵਿਚ ਪਾਣੀ ਭਰ ਕੇ ਦੋਵੇਂ ਹਥ ਜੋੜ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਆਪ ਅਪਣੀ ਰੋਂਦੀ ਕੁਰਲਾਂਦੀ ਸੰਗਤ ਤੇ ਤਰਸ ਕਰ ਕੇ ਇਥੇ ਹੀ ਦਰਸ਼ਨ ਦਿੰਦੇ ਰਹੋ ਅਤੇ ਆਪ ਜੀ ਦੀ ਜਗ੍ਹਾ ਮੈਂ ਚਲਾ ਜਾਂਦਾ ਹਾਂ ਅਤੇ ਸਾਰਾ ਦੋਸ਼ ਮੈਂ ਮੰਨ ਲੈਂਦਾ ਹਾਂ

## ਈਹਾਂ ਤੁਅ ਸੁਹਾਵਤੇ ਹੈਂ ਦਾਸ ਦੋਸ਼ ਚਾਇਲੇ

ਸਤਿਗੁਰੂ ਜੀ ਨੇ ਭਾਈ ਬੁਧ ਸਿੰਘ ਜੀ ਨੂੰ ਸਮਝਾਂਦਿਆਂ ਕਹਿਆ ਕਿ ਭਾਈ। ਇਹ ਕੰਮ ਮੇਰੇ ਜਾਣ ਦਾ ਹੀ ਹੈ। ਮੇਰੇ ਜਾਣ ਤੋਂ ਬਿਨਾਂ ਧਰਮ ਨਹੀਂ ਚਲ ਸਕਦਾ। ਤੁਸੀਂ ਧੀਰਜ ਰਖੋ

## ਬੋਲੇ ਤੁਮ ਪੀਛੇ ਸਭ ਕਾਰਾ।
## ਈਹਾਂ ਰਾਖੋ ਭਲੀ ਪ੍ਰਕਾਰਾ।
## ਕਰੀਓ ਭਜਨ ਕਰਾਵੋ ਔਰਨ।
## ਬਿਨਾ ਨਾਮ ਕਾਹੂ ਕੋਉ ਠੌਰ ਨ।

(ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ)

ਤੁਸੀਂ ਕਿਸੇ ਕਿਸਮ ਦਾ ਫ਼ਿਕਰ ਨ ਕਰੋ, ਅਤੇ ਮੇਰਾ ਬਚਨ ਮੰਨ ਕੇ

## ਸਾਰ ਸੰਭਾਲ ਰਖੋ ਸਭ ਸੰਗਤ।
## ਇਤ ਦਰ ਦੀ ਹੋਵੇ ਲਖ ਪੰਗਤ।

ਸਤਿਗੁਰੂ ਜੀ ਨੇ ਕਹਿਆ

ਮੇਰਾ ਤਾਂ ਚਰਗ ਮਿਰਗ ਕਾ ਹੈ ਤੇ ਭਾਈ। ਤੇਰਾ ਚਰਗ ਚੂਹੇ ਕਾ ਹੈ। ਮੈਂ ਤਾਂ ਜਾਵਾਂਗਾ ਤੇ ਤੂੰ ਏਥੇ ਈ ਬੈਠਾ ਜੜ੍ਹਾਂ ਕੁਤਰ ਦੇਈਂ। ਗਰੀਬ ਹੋਇ ਕੇ ਦਿਨ ਕਟੀਂ। ਸਤਿਗੁਰੂ ਬਿਲਾਸ

ਸਤਿਗੁਰੂ ਜੀ ਸਾਰੀ ਸੰਗਤ ਨੂੰ ਧੀਰਜ ਕਰਨ ਵਾਸਤੇ ਅਤੇ ਭਾਣਾ ਮੰਨਣ ਵਾਸਤੇ ਆਖਦੇ ਸਨ ਪਰ ਸੰਗਤ ਵਿਲਕਣੀਆਂ ਲੈ ਲੈ ਰੋ ਰਹੀ ਸੀ ਸੰਗਤ ਦੀ ਹਾਲਤ ਬਿਲਕੁਲ ਐਸੀ ਸੀ ਜਿਸਤਰਾਂ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੇ ਗੋਕਲ ਤੋਂ ਮਥਰਾ ਜਾਣ ਵੇਲੇ ਗੋਪੀਆਂ ਦੀ ਸੀ। ਇਕ ਕਵੀ ਸ੍ਰੀ ਆਤਮਜ ਜੀ, ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੇ ਮਥਰਾ ਨੂੰ ਜਾਣ ਵੇਲੇ ਗੋਪੀਆਂ ਦੀ ਹਾਲਤ ਇਸਤਰ੍ਹਾਂ ਲਿਖਦੇ ਹਨ

ਹੋਏ ਤਿਆਰ ਜਾਂ ਕ੍ਰਿਸ਼ਨ ਮੁਰਾਰ ਮਾਧੋ, ਜੋੜੇ ਹਥ ਪ੍ਰੇਮੀਆਂ ਹੀਤੀਆਂ ਨੀ।
ਨੈਨ ਬਰਸਦੇ ਗੋਪੀਆਂ ਲੈਣ ਡਾਢੇ, ਕਾਹਨਾ ਕਿਉਂ ਤਿਆਰੀਆਂ ਕੀਤੀਆਂ ਨੀ
ਤਰਲੇ ਗੋਪੀਆਂ ਪਾਣ ਨਹੀਂ ਕਾਨ੍ਹ ਰਹਿੰਦਾ, ਕਹਿਣ ਕਾਸ ਨੂੰ ਪਾਈਆਂ ਪ੍ਰੀਤੀਆਂ ਨੀ
ਪਾ ਕੇ ਪ੍ਰੇਮ ਨ ਕਿਸੇ ਨੂੰ ਤਾਪ ਦੇਈਏ, ਜੇ ਕਰ ਕਰਨੀਆਂ ਆਪ ਅਤੀਤਆਂ ਨੀ
ਪਾਣਾ ਪਿਆਰ ਤੇ ਫਿਰ ਵਿਸਾਰ ਜਾਣਾ, ਅੜਿਆ ਪ੍ਰੀਤਮਾ ਇਹ ਅਨੀਤੀਆਂ ਨੀ
ਦਿਲੋਂ ਕੁਸਿਆਂ ਦੇ ਨਾਲ ਰੁਸ ਪੈਣਾ ਪ੍ਰੇਮ ਵਣੰਜ ਦੇ ਵਿਚ ਕੁਰੀਤੀਆਂ ਨੀ

ਮਾਸਟਰ ਨਿਹਾਲ ਸਿੰਘ ਜੀ ਇਸ ਸਮੇਂ ਨੂੰ ਮੁਖ ਰਖ ਕੇ ਲਿਖਦੇ ਹਨ

ਅੰਗਰੇਜੀ ਸਰਕਾਰ ਨੇ ਜਦੋਂ :–
ਮਾਲੀ ਨੂੰ ਜਾ ਹਥ ਪਾਏ।
ਕੁਰਲਾਹਟ ਮਚ ਗਈ।
ਭੈਣੀ ਦੀਆਂ ਗਲੀਆਂ ਅੰਦਰ।
ਮਸਤਾਨੇ ਬਣ ਗਏ ਲੋਟਣ ਕਬੂਤਰ।
ਮਾਈਆਂ ਕਮਲੀਆਂ।
ਵਾਲ ਖੋਹਣ।
ਰੋ ਹੱਥੜੀ ਪਿੱਟਣ।

ਭਾਈ ਸ਼ਦਾਈ ।
ਕਕਣ ਡਮਕੇ ਲੈਣ ।
ਬੁਧ ਸਿੰਘ ਬੇਸੁਧ, ਮੂਰਛਾ ।
ਹਾੜੇ ਘਤੇ ਵੀਰੜੇ ਨੂੰ ।
" ਮੈਂ ਜਾਂਦਾ ਹਾਂ ਤੇਰੇ ਥਾਂ " ।
" ਮੈਂ ਲਵਾਂਦਾ ਹਾਂ ਬੇੜੀਆਂ ।
**ਸੰਗਤਾਂ ਦੇ ਵਾਲੀਆ**
**ਨ ਜਾਹ ! ਨ ਜਾਹ !!**
ਸ੍ਰੀ ਸਤਿਗੁਰੂ ਰਾਮਸਿੰਘ ਜੀ )
ਧਰਮ ਨਹੀਂ ਟੁਰਦਾ ਮੇਰੇ ਗਇਆਂ ਬਿਨਾਂ ।
ਗਊ ਤੇ ਗਰੀਬ ਦੇ ਗਲਿਓਂ ।
ਛੁਰੀ ਨਹੀਂ ਲਹਿੰਦੀ ।
ਸ੍ਰੀ ਸਤਿਗੁਰੂ ਜੀ ਦਾ ਸਾਧ ਸੰਗਤ ਪ੍ਰਤੀ ਉਪਦੇਸ਼

ਧੀਰਜ ਰੱਖੋ ।
ਆਵਾਂਗਾ ਇਸੇ ਹੀ ਮੜ੍ਹੇ ।

ਅੱਗ ਵਿਚ ਮੈਂ ਸੜਦਾ ਨਹੀਂ ।
ਪਾਣੀ ਵਿਚ ਡੁੱਬਦਾ ਨਹੀਂ ।
ਪੌਣ ਮੇਰੇ ਵਸ ।
ਪ੍ਰਤੀਤ ਨ ਕਰਨੀ ।
ਭਾਵੇਂ ਕਹੇ ਕੋਈ ।
ਹਥੀਂ ਨੰਬੂ ਲਾ ਕੇ ਆਇਆਂ ਹਾਂ

ਇਸੇ ਤਰ੍ਹਾਂ ਸੰਤ ਇੰਦਰ ਦਮਨ ਸਿੰਘ ਜੀ 'ਰਤਨ' ਆਪਣੀ ਕਵਿਤਾ "ਚੀਨੀ ਵਾਲੇ ਦੀ ਅਮਰ ਕਹਾਣੀ" ਵਿਚ ਲਿਖਦੇ ਹਨ :-

ਅਖੀਆਂ ਦੇ ਵਿਚ ਪਾਣੀ ਭਰਕੇ, ਗੁਰੂ ਹਰੀ ਸਿੰਘ ਗੁੰਮ-ਸੁੰਮ ਹੋਏ ।
ਧੀ ਇਕ ਪਾਸੇ, ਪਿਤਾ ਇਕ ਪਾਸੇ, ਭੁੱਬਾਂ ਮਾਰ ਕੇ ਸਾਰੇ ਰੋਏ ।
ਸੰਗਤ ਰੋਵੇ ਲਏ ਵਿਲਕਣੀਆਂ, ਐਸੀ ਸ਼ਾਲੇ ਕਦੇ ਨ ਹੋਏ ।
ਕਲਰ ਰੇਤ, ਪੰਜਾਬ ਦੇ ਟਿਬੇ, ਹੰਝੂਆਂ ਦੇ ਡੋਬੇ ਵਿਚ ਮੋਏ ।

ਏਧਰ ਸੰਗਤ ਰੋ ਰਹੀ ਸੀ ਅਤੇ ਸਤਿਗੁਰੂ ਜੀ ਅੱਗੇ ਨ ਜਾਣੇ ਵਾਸਤੇ ਕੀਰਣੇ ਪਾ ਰਹੀ ਸੀ ਪਰ ਓਧਰ ਸਤਿਗੁਰੂ ਜੀ ਅਪਣੇ ਮਿੱਥੇ ਹੋਏ ਪ੍ਰੋਗ੍ਰਾਮ ਅਨੁਸਾਰ ਜਾਣ ਨੂੰ ਤਿਆਰ ਸਨ । ਸੰਗਤ ਨੂੰ ਧੀਰਜ ਦੇਣ ਵਾਸਤੇ ਸਤਿਗੁਰੂ ਜੀ ਨੇ ਫੁਰਮਾਇਆ ਕਿ ਫਿਕਰ ਨ ਕਰੋ

" ਮੈਂ ਇਸੇ ਦੇਹ ਵਿਚ ਜਰੂਰ ਵਾਪਸ ਆਵਾਂਗਾ । ਜਿੰਨਾ ਚਿਰ ਸਾਰੀ ਸ੍ਰਿਸ਼ਟੀ ਤੇ ਧਰਮ ਨਹੀਂ ਵਰਤਦਾ ਮੈਂ ਕਿਤਲੇ ਨਹੀਂ ਜਾਂਦਾ । ਸੂਰਜ ਭਾਵੇਂ ਲਹਿੰਦੇ ਵਲੋਂ ਚੜ੍ਹਨ ਲਗ ਪਵੇ, ਪਰ ਇਹ ਕਦੇ ਨਹੀਂ ਹੋ ਸਕਦਾ ਕਿ ਮੈਂ ਨ ਆਵਾਂ । ਅੰਗਰੇਜ਼ ਮੈਨੂੰ ਮਰ ਗਿਆ ਆਖਣਗੇ ਪਰ ਤੁਸਾਂ ਇਤਬਾਰ ਨਹੀਂ ਕਰਨਾ । " ਇਤਿਆਦਿ

ਭਾਵੇਂ ਸਤਿਗੁਰੂ ਜੀ ਨੇ ਬੜੀ ਤਸੱਲੀ ਦਿੱਤੀ ਪਰ ਸੰਗਤ ਨੂੰ ਧੀਰਜ ਕਿਥੇ ? ਅਖੀਰ ਕਰਨਲ ਥੋਨੀ ਦੇ ਕਾਹਲੇ ਪੈਣ ਤੇ ਅਰਦਾਸ ਕਰ ਕੇ ਸਤਿਗੁਰੂ ਜੀ ਕੁਝ ਸੂਬਿਆਂ ਸਮੇਤ ਗਡੇ ਵਿਚ ਬਹਿ ਗਏ ।

NO. ______
DATE ______



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗੁਰੂ ਹਰੀ ਸਿੰਘ ਜੀ ਨੂੰ ਪ੍ਰਦੇਸ ਜਾਵਨ ਸਮੇਂ ਪੰਥ ਦੀ ਸੰਭਾਲਣਾ ਕਰ ਰਹੇ ਹਨ।

— ੪ ਮਾਘ ਸੰਮਤ ੧੯੨੮ ਅਨੁਸਾਰ ੧੭ ਜਨਵਰੀ ੧੮੭੨ —



ਸ੍ਰੀ ਸਤਿਗੁਰ ਰਾਮ ਸਿੰਘ ਜੀ ਰੋਂਦੀ ਕੁਰਲਾਂਦੀ ਸੰਗਤ ਨੂੰ ਵਿਯੋਗ ਦੇ'ਕੇ, ਪ੍ਰਦੇਸ ਨੂੰ ਚਾਲੇ ਪਾ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com

ਇਕ ਕਵੀ ਲਿਖਦਾ ਹੈ

ਨੰਗਾ ਚਰਣ ਨ ਧਰਤ ਤੇ ਕਦੇ ਧਰਿਆ
ਸੇਜਾਂ ਸੌਣ ਨੂੰ ਮਖਮਲੀ ਭਾਰੀਆਂ ਸਨ ।
[illegible] ਜਹੇ ਸੈਂਕੜੇ ਖੜੇ ਘੋੜੇ
ਹਾਥੀ ਝੂੰਮਦੇ ਸਣੇ ਅੰਬਾਰੀਆਂ ਸਨ ।
ਅਜ ਉਹ ਸਤਿਗੁਰ ਜੀ ਬੈਠੇ ਵਿਚ ਗਡੇ
ਰੱਬਾ ਕੁਦਰਤਾਂ ਤੇਰੀਆਂ ਨਿਆਰੀਆਂ ਸਨ।

ਸਤਿਗੁਰੂ ਜੀ ਨੇ ਗਡੇ ਵਿਚ ਬਹਿੰਦਿਆਂ ਸਾਰ ਸੰਤ ਗੁਰਦਿੱਤ ਸਿੰਘ ਜੀ ਨੂੰ ਗਡਾ ਟੋਰਣ ਦਾ ਹੁਕਮ ਦੇ ਦਿੱਤਾ। ਗਡੇ ਦੇ ਟੁਰਨ ਨਾਲ ਸੰਗਤ ਦੀਆਂ ਚੀਕਾਂ ਨਿਕਲ ਗਈਆਂ। ਸਿਖ ਭੁਬਾਂ ਮਾਰ ਮਾਰ ਕੇ ਰੋਣ ਲਗੇ

ਜਾਂ ਭੈਣੀ ਤੋਂ ਸਤਿਗੁਰ ਚੱਲੇ ।
ਰੋਣਾ ਪੈ ਗਇਆ ਸਭ ਦੇ ਪੱਲੇ ।

ਹਾਹਾ ਕਾਰ ਮਚ ਗਈ

ਤੁਰ ਚਲਿਆ, ਤੁਰ ਚਲਿਆ ਪ੍ਰੀਤਮ, ਦੇ ਸੰਗਤਾਂ ਨੂੰ ਦੁਖੜੇ ਭਾਰੀ ।

ਛੱਡ ਗੋਪੀਆਂ ਕਾਨ੍ਹ ਰਵਾਨ ਹੋਏ, ਰਹੀਆਂ ਰੋਂਦੀਆ ਗਈਆਂ ਗਵੀਤੀਆਂ ਨੀ
ਰਾਮ ਨਾਲ ਗਲਾਂ ਵਿਚ ਫਾਲ ਪਾਏ, ਸੁੱਟੇ ਪਰ੍ਹਾਂ ਦੁਪੱਟੇ ਤੇ ਫੀਤੀਆਂ ਨੀ
ਜਾਤਾ ਗੋਪੀਆਂ ਹੋਣ ਦੀਦਾਰ ਮੁਸ਼ਕਲ, ਹਾਰ ਮਧੁਰ ਪਿਆਲੀਆਂ ਪੀਤੀਆਂ ਨੀ
ਖਾ ਕੇ ਹਾਰ ਉਹ ਘਰਾਂ ਨੂੰ ਪਰਤ ਆਈਆਂ, ਜੋਰਾਂਵਰਾਂ ਨੇ ਬਾਜੀਆਂ ਜੀਤੀਆਂ ਨੀ

ਗਡਾ ਟੁਰਿਆ, ਸੰਗਤ ਵੀ ਨਾਲ ਟੁਰ ਪਈ। ਸਤਿਗੁਰੂ ਜੀ ਨੇ ਅਪਣੀ ਆਜਾਨ ਬਾਂਹ ਖੜੀ ਕਰ ਕੇ ਸੰਗਤ ਨੂੰ ਰੁਕਣ ਦਾ ਇਸ਼ਾਰਾ ਕੀਤਾ। ਹੁਣ ਹੁਕਮ ਦੀ ਕਾਰ ਨੂੰ ਕਉਣ ਉਲੰਘੇ ? ਸੰਗਤ ਰੁਕ ਤੇ ਗਈ ਪਰ ਮੰਨ ਨ ਰੁਕੇ ਅਖੀਰ ਗੋਪੀਆਂ ਦੀ ਤਰ੍ਹਾਂ

ਖਾ ਕੇ ਹਾਰ ਉਹ ਘਰਾਂ ਨੂੰ ਪਰਤ ਆਈਆਂ
ਜੋਰਾਵਰਾਂ ਨੇ ਬਾਜੀਆਂ ਜੀਤੀਆਂ ਨੀ ।

ਗਡਾ ਟੁਰਦਾ ਟੁਰਦਾ ਵਡੀ ਸੜਕ ਤੇ ਪਹੁੰਚ ਗਿਆ ਅਤੇ ਹੌਲੀ ਹੌਲੀ ਲੁਧਿਆਣੇ ਪਹੁੰਚ ਗਿਆ। ਇਥੇ ਸਤਿਗੁਰ ਜੀ ਨੂੰ ਡਾਕ ਬੰਗਲੇ ਵਿਚ ਉਤਾਰਿਆ ਗਿਆ। ਇਸ ਬੰਗਲੇ ਦੇ ਚੌਹੀਂ ਪਾਸੀਂ ਪੋਲੀਸ ਦਾ ਸਖਤ ਪਹਿਰਾ ਸੀ

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਸਮਝਦੇ ਸਨ ਕਿ ਅਸਾਂ ਗੁਰੂ ਰਾਮ ਸਿੰਘ ਨੂੰ ਬਿਨਾ ਕਿਸੇ ਖੂਨ ਖਰਾਬੇ ਤੋਂ ਅਪਣੀ ਅਕਲਮੰਦੀ ਅਤੇ ਅਪਣੀ ਬਹਾਦਰੀ ਨਾਲ ਗਿਰਫਤਾਰ ਕਰ ਲਿਆ ਹੈ। ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਅਸਾਂ ਅਪਣੀ ਪੈਰੀਂ ਆਪ ਹੀ ਕੁਹਾੜਾ ਮਾਰਿਆ ਹੈ। ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਹੋਣਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਕਿਉਂ ਹੋਏ ਸਨ? ਉਹ ਸ਼ਹੀਦ ਇਸ ਲਈ ਹੋਏ ਸਨ ਕਿ ਉਨ੍ਹਾਂ ਦੀ ਸ਼ਹਾਦਤ ਬਿਨਾ ਮੁਸਲਮਾਨੀ ਰਾਜ ਦੀਆਂ ਜੜ੍ਹਾਂ ਹਿਲ ਨਹੀਂ ਸਨ ਸਕਦੀਆਂ। ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਜਿੰਨਾ ਚਿਰ ਉਹ ਅੰਗਰੇਜ਼ੀ ਸਰਕਾਰ ਰਾਹੀਂ ਗਿਰਫਤਾਰ ਹੋ ਕੇ ਪਰਦੇਸ ਨਹੀਂ ਜਾਂਦੇ ਉਨਾਂ ਚਿਰ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲ ਨਹੀਂ ਸਕਦੀਆਂ। ਉਹ ਤਾਂ ਅਪਣੀ ਰਜ਼ਾ ਨਾਲ ਜਾ ਰਹੇ ਸਨ। ਉਹ ਤਾਂ ਲਲਕਾਰ ਲਲਕਾਰ ਕੇ ਆਖ ਰਹੇ ਸਨ।

## ਮੈਨੂੰ ਕੋਈ ਨਹੀਂ ਕਿਤੇ ਲੈ ਜਾਣ ਵਾਲਾ

ਇਸ ਤੁਕ ਨੂੰ ਪ੍ਰਤੱਖ ਕਰਨ ਵਾਸਤੇ ਹੀ ਸਤਿਗੁਰੂ ਜੀ ਨੇ ਇਕ ਕੌਤਕ ਕੀਤਾ ਸੀ ਜੋ ਸੰਖੇਪ ਵਿਚ ਇਸ ਤਰ੍ਹਾਂ ਹੈ :-

ਲੁਧਿਆਣੇ ਪਹੁੰਚਣ ਤੇ ਸਤਿਗੁਰੂ ਜੀ ਨੂੰ ਡਾਕ ਬੰਗਲੇ ਅੰਦਰ ਰੱਖਿਆ ਗਿਆ ਸੀ। ਬੰਗਲੇ ਦੇ ਬਾਹਰ ਅਥਵਾ ਦਰਵਾਜ਼ੇ ਤੇ ਸਖਤ ਪਹਿਰਾ ਸੀ। ਆਉਣ ਤੋਂ ਥੋੜੀ ਦੇਰ ਪਿਛੋਂ ਹੀ ਸਤਿਗੁਰੂ ਜੀ ਅਲੋਪ ਹੋ ਗਏ। ਅੰਗਰੇਜ਼ੀ ਕਰਮਚਾਰੀਆਂ ਦੇ ਹੱਥਾਂ ਦੇ ਤੋਤੇ ਉਡ ਗਏ। ਏਧਰ ਉਧਰ ਭਜ ਦੌੜ ਹੋਣ ਲਗੀ। ਬੰਗਲੇ ਦੇ ਅੰਦਰ ਬਾਹਰ ਅਤੇ ਨੇੜੇ ਤੇੜੇ ਸਭ ਢੂੰਡ ਬੈਠੇ ਪਰ ਕੋਈ ਪਤਾ ਨ ਲਗਾ। ਹਫੜਾ ਦਫੜੀ ਮੱਚ ਗਈ। ਅੰਗਰੇਜ਼ ਬੜੇ ਮਾਯੂਸ ਹੋ ਗਏ। ਥੋੜੀ ਦੇਰ ਪਿਛੋਂ ਹੀ ਸਤਿਗੁਰੂ ਜੀ ਮਾਲਾ ਫੇਰਦੇ ਹੋਏ ਦਰਵਾਜ਼ਾ ਲੰਘ ਕੇ ਅੰਦਰ ਆਉਂਦੇ ਦਿਸ ਪਏ। ਅਫਸਰਾਂ ਦੀ ਜਾਨ ਵਿਚ ਜਾਨ ਆ ਗਈ, ਸੁਖ ਦਾ ਸਾਹ ਲਿਆ। ਸਤਿਗੁਰੂ ਜੀ ਨੇ ਫਰਮਾਇਆ ਕਿ, "ਤੁਸੀਂ ਸਮਝਦੇ ਹੋਵੋਗੇ ਕਿ ਤੁਸੀਂ ਮੈਨੂੰ ਗਿਰਫਤਾਰ ਕਰ ਕੇ ਲੈ ਚਲੇ ਹੋ। ਇਹ ਤੁਹਾਡੀ ਗਲਤ ਫਹਿਮੀ ਹੈ। ਹੁਣ ਤੁਸਾਂ ਅਪਣੀ ਅਖੀਂ ਵੇਖ ਲਿਆ ਹੈ ਕਿ ਮੈਂ ਤੁਹਾਡੀ ਬੰਦਸ਼ ਵਿਚ ਨਹੀਂ। ਮੈਂ ਤਾਂ ਅਕਾਲ ਪੁਰਖ ਦੀ ਰਜ਼ਾ ਅੰਦਰ ਜਾ ਰਿਹਾ ਹਾਂ।"

ਸੰਤ ਤਰਨ ਸਿੰਘ ਜੀ ਵਹਿਮੀ ਲਿਖਦੇ ਹਨ

## ਪੌਣ, ਜਲ, ਅਗਨੀ, ਜਿਸ ਦਾ ਅਮਰ ਮੰਨੇ
## ਉਹਨੂੰ ਕੌਣ ਸੀ ਕਿਤੇ ਲੈ ਜਾਣ ਵਾਲਾ

ਹੋ ਗਏ ਗੱਮ ਟੇਸ਼ਨ ਉੱਤੇ ਘੁਮਨ ਗੋਰੇ ।
ਚਾਅ ਲੈਹ ਗਿਆ ਕਿਤੇਂ ਲੈ ਜਾਣ ਵਾਲਾ ॥
ਪੌਣ ਜਲ ਅਗਨੀ ਜਿਸ ਦਾ ਆਦਰ ਮੰਨੈ ।
ਉਹਨੂੰ ਕੌਣ ਸੀ ਕਿਤੇ ਲੈ ਜਾਣ ਵਾਲਾ ॥

ਬੈਠਾ ਰੇਲ ਤੇ ਡਿਠੋ ਸੁ ਸਿਖ ਬੁਢਾ ।
ਨੱਠ ਆਂਵਦਾ ਸਿਕ ਮੈਹਾਨ ਵਾਲਾ ॥
ਚਲੇ ਰੇਲ ਨ ਵੇਲਨ ਬਰੇਕ ਮੁੜਮੁੜ ।
ਗੋਰੇ ਤਾਨ ਲਾ ਥਕੇ ਲੁਕਮਾਨ ਵਾਲਾ ॥

(ਸੰਤ ਕਰਤਾਰ ਸਿੰਘ ਜੀ ਜੇਹਿਮੀ)




## ਲੁਧਿਆਣੇ ਤੋਂ ਅਲਾਹਾਬਾਦ ਵਾਸਤੇ ਰਵਾਨਗੀ

## Departure from Ludhiana to AllahaBad

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ੀ ਸਰਕਾਰ ਨੂੰ ਡਰ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਗ੍ਰਿਫਤਾਰੀ ਦੀ ਖ਼ਬਰ ਸੁਣ ਕੇ ਨਾਮਧਾਰੀਆਂ ਵਿਚ ਕੋਈ ਜੋਸ਼ ਨ ਆ ਜਾਏ ਜਾਂ ਕੋਈ ਬਗਾਵਤ ਨ ਹੋ ਜਾਏ । ਉਹ ਸਤਿਗੁਰੂ ਜੀ ਨੂੰ ਜਲਦੀ ਤੋਂ ਜਲਦੀ ਕਿਤੇ ਦੂਰ ਲੈ ਜਾਣਾ ਚਾਹੁੰਦੀ ਸੀ ਤਾਂ ਜੋ ਸਿਖਾਂ ਨਾਲ ਮੇਲ ਮਿਲਾਪ ਨ ਹੋ ਸਕੇ । ਸਰਕਾਰ ਨੇ ਪੂਰਾ ਬੰਦੋਬਸਤ ਕਰਕੇ ੧੮ ਜਨਵਰੀ ੧੮੭੨ ਨੂੰ ਅੰਮ੍ਰਿਤ ਵੇਲੇ ੪ ਵਜੇ ਜਾਣ ਵਾਲੀ ਗੱਡੀ ਵਿਚ ਇਕ ਸਪੈਸ਼ਲ ਡੱਬੇ ਵਿਚ ਸ੍ਰੀ ਸਤਿਗੁਰੂ ਜੀ ਨੂੰ ਬਿਠਾ ਕੇ ਮਿਸਟਰ ਜੈਕਸਨ ਦੀ ਗੋਰਖਾ ਗਾਰਦ ਦੇ ਪਹਿਰੇ ਹੇਠ ਲੁਧਿਆਣੇ ਤੋਂ ਅਲਾਹਾਬਾਦ ਭੇਜ ਦਿੱਤਾ । ਸਤਿਗੁਰੂ ਜੀ ਨਾਲ ਸੂਬਾ ਜਵਾਹਰ ਸਿੰਘ ਜੀ, ਸੂਬਾ ਸਾਹਿਬ ਸਿੰਘ ਜੀ, ਸੂਬਾ ਲੱਖਾ ਸਿੰਘ ਜੀ ਅਤੇ ਸੇਵਕ ਨਾਨੂੰ ਸਿੰਘ ਜੀ ਸਨ ਇਥੇ ਸਭ ਨੂੰ ਸੈਂਟਰਲ ਜੇਲ ਵਿਚ ਬੰਦ ਕਰ ਦਿੱਤਾ ਗਿਆ । ਅੰਗਰੇਜ਼ਾਂ ਦੇ ਦਿਲਾਂ 'ਚ ਇੰਨੀ ਦਹਿਸ਼ਤ ਬਹਿ ਗਈ ਸੀ ਕਿ ਅਲਾਹਾਬਾਦ ਦੇ ਜ਼ਿਲਾ ਮੈਜਿਸਟ੍ਰੇਟ (District Magistrate) ਜੇ ਸੀ ਰੋਬਸਟਨ ਨੇ ਸਮਝਿਆ ਕਿ ਇਹ ਜੇਲ ਇੰਨੀ ਸੁਰੱਖਿਅਤ ਨਹੀਂ ਕਿ ਗੁਰੂ ਰਾਮ ਸਿੰਘ ਵਰਗੇ ਖ਼ਤਰਨਾਕ ਆਦਮੀ ਨੂੰ ਇਥੇ ਰਖਿਆ ਜਾਏ । ਉਸ ਨੇ ਹੁਕਮ ਕਰ ਕੇ ਸਤਿਗੁਰੂ ਜੀ ਨੂੰ ਸਿਖਾਂ ਸਮੇਤ ਸੈਂਟਰਲ ਜੇਲ ਵਿਚੋਂ ਕਢ ਕੇ ਅਲਾਹਾਬਾਦ ਦੇ ਕਿਲੇ ਵਿਚ ਨਜ਼ਰ ਬੰਦ ਕਰ ਦਿੱਤਾ

ਬਾਅਦ ਵਿਚ ਦੂਜਿਆਂ ਸੂਬਿਆਂ ਨੂੰ ਵੀ ਗਿਰਫਤਾਰ ਕਰ ਕੇ ਇਥੇ ਲਿਆਂਦਾ ਗਿਆ ਇਹ ਕਿਲਾ ਭਾਵੇਂ ਇਕ ਜੇਲ ਹੀ ਸੀ ਪਰ

## ਜਿਥੈ ਜਾਇ ਬਹੈ ਮੇਰਾ ਸਤਿਗੁਰੂ
## ਸੋ ਥਾਨੁ ਸੁਹਾਵਾ ਰਾਮ ਰਾਜੇ ।

ਅਨੁਸਾਰ ਸਤਿਗੁਰੂ ਜੀ ਦੀ ਚਰਨ ਛੁਹ ਨਾਲ ਕਿਲਾ ਵੀ ਪਵਿਤ੍ਰ ਹੋ ਗਿਆ । ਇਥੇ ਵੀ ਜੰਗਲ ਵਿਚ ਮੰਗਲ ਬਣ ਗਿਆ । ਸਤਿਗੁਰੂ ਜੀ ਅਤੇ ਸਾਰੇ ਸਿਖ ਇਸ਼ਨਾਨ ਪਾਣੀ ਕਰਕੇ ਆਪਣਾ ਆਪਣਾ ਨਿਤ ਨੇਮ ਪੂਰਾ ਕਰਦੇ ਅਤੇ ਸਤ ਸੰਗ ਵੀ ਹੁੰਦਾ । ਇਕ ਦਿਨ ਸਿਖਾਂ ਵਿਚ ਬੈਠਿਆਂ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਬਾਣੀ ਨਾੜ ਹੈ ਅਤੇ ਨਾਮ ਤੋੜ ਹੈ । ਇਹ ਸੁਣ ਕੇ ਸਿਖ ਹੈਰਾਨ ਹੋਏ । ਸੂਬਾ ਜਵਾਹਰ ਸਿੰਘ ਜੀ ਤਾਂ ਬਹੁਤ ਹੀ ਹੈਰਾਨ ਹੋਏ, ਮੱਥੇ ਤੇ ਹੱਥ ਮਾਰ ਕੇ ਕਿਹਾ, ਜੇ ਬਾਣੀ ਨਾੜ ਹੈ ਅਤੇ ਨਾਮ ਤੋੜ ਹੈ ਤਾਂ ਫਿਰ ਸਿੱਟਾ ਕੀ ਹੋਇਆ ? ਸਤਿਗੁਰੂ ਜੀ ਨੇ ਫੁਰਮਾਇਆ, "ਬਾਬਾ ਜੀ, ਬਾਣੀ ਨਾੜ ਹੈ, ਨਾਮ ਤੋੜ ਹੈ ਅਤੇ ਸਿਦਕ ਸਿੱਟਾ ਹੈ ।"

ਸ੍ਰੀ ਸਤਿਗੁਰੂ ਜੀ ਨੇ ਥੋੜੇ ਹੀ ਸ਼ਬਦਾਂ ਵਿਚ ਸ੍ਰੀ ਗ੍ਰੰਥ ਸਾਹਿਬ ਜੀ ਦਾ ਤਤ੍ਹ ਅਤੇ ਸਾਰੇ ਧਾਰਮਿਕ ਗ੍ਰੰਥਾਂ ਦਾ ਗਿਆਨ ਕਹਿ ਦਿੱਤਾ । ਬਾਣੀ ਪੜ੍ਹ ਕੇ ਅਤੇ ਨਾਮ ਜਪ ਕੇ ਜੋ ਸਿਖ ਨੂੰ ਇਹ ਪ੍ਰਤੀਤ ਆ ਗਈ ਹੈ ਕਿ ਗੁਰੂ ਅਤੇ ਪਰਮੇਸ਼ਰ ਦੋਵੇਂ ਇਕੋ ਹੀ ਹਨ ਤਾਂ ਇਸ ਦੀ ਬਾਣੀ ਪੜ੍ਹੀ ਅਤੇ ਨਾਮ ਜਪਿਆ

ਸਭ ਸਫਲ ਹੋ ਗਿਆ ਕਿਉਂ ਜੋ ਸਿਖੀ ਦਾ ਸਿਧਾਂਤ ਹੀ ਇਹ ਹੈ

## ਗੁਰੁ ਪਰਮੇਸਰੁ ਏਕੋ ਜਾਣੁ

ਅਥਵਾ

## ਨਾਨਕ ਸੋਧੇ ਸਿੰਮ੍ਰਿਤਿ ਬੇਦ ।
## ਪਾਰਬ੍ਰਹਮ ਗੁਰ ਨਾਹੀ ਭੇਦ ।

ਅਥਵਾ

## ਗੁਰੁ ਕਰਤਾ ਗੁਰੁ ਕਰਣੈ ਜੋਗੁ
## ਗੁਰੁ ਪਰਮੇਸਰੁ ਹੈ ਭੀ ਹੋਗੁ

ਅਥਵਾ

## ਗੁਰੁ ਪਰਮੇਸਰੁ ਕਰਣੈਹਾਰੁ
## ਸਗਲ ਸ੍ਰਿਸਟਿ ਕਉ ਦੇ ਆਧਾਰੁ

ਜੇ ਸਿਖ ਨੂੰ ਇਹ ਪ੍ਰਤੀਤਿ ਨਹੀਂ ਆਈ ਤਾਂ ਫਿਰ ਗੁਰੂ ਅਗੇ ਅਰਦਾਸ ਕਰ ਕੇ ਸਿਦਕ ਭਰੋਸਾ ਮੰਗਦਾ ਰਹੇ । ਸਿਦਕ ਦਾ ਦਾਨ ਸਿਰਫ ਸਤਿਗੁਰੁ ਹੀ ਦੇ ਸਕਦਾ ਹੈ । ਜਿੰਨਾ ਕੁ ਸਿਖ ਕੋਲ ਸਿਦਕ ਹੈ ਉਨਾਂ ਹੀ ਸਿਖੀ ਵਿਚ ਸਫਲ ਸਮਝੋ

## ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ

ਮੇਰੇ ਲਿਖਣ ਦਾ ਭਾਵ ਇਹ ਨਹੀਂ ਕਿ ਬਾਣੀ ਨ ਪੜੀ ਜਾਵੇ । ਬਾਣੀ ਪੜ੍ਹਨ ਜਾਂ ਸੁਣਨ ਨਾਲ ਹੀ ਮਨ ਵਿਚ ਭੈ ਪੈਂਦਾ ਹੈ ਅਤੇ ਪ੍ਰੇਮ ਉਪਜਦਾ ਹੈ ਅਤੇ ਮਨ ਨਾਮ ਜਪਣ ਵਲ ਲਗਦਾ ਹੈ । ਨਾਮ ਜਪਣ ਨਾਲ ਹੀ ਗੁਰ ਨਾਲ ਪ੍ਰੇਮ ਪੈਂਦਾ ਹੈ । ਜਦੋਂ ਗੁਰੂ ਨਾਲ ਪ੍ਰੇਮ ਪੈ ਜਾਵੇ ਤਾਂ ਫਿਰ ਗੁਰੂ ਮਿਹਰ ਕਰਕੇ ਸਿਦਕ ਬਖਸ਼ ਦਿੰਦਾ ਹੈ । ਫਿਰ ਸਤਿਗੁਰੂ ਸਿਖ ਦਾ ਸਹਾਰਾ ਅਥਵਾ ਰਖਵਾਲਾ ਬਣ ਜਾਂਦਾ ਹੈ

## ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ।
## ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ।

Sri Satguru Jagjit Singh Ji Elibrary NamdhariElibrary@gmail.com

ਇਹ ਗਲ ਵੀ ਹਮੇਸ਼ਾ ਯਾਦ ਰਖਣੀ ਚਾਹੀਦੀ ਹੈ ਕਿ ਗੁਰੂ ਕਿਸੇ
ਧੰਧਾਨ ਦਾ ਮੁਹਤਾਜ ਨਹੀਂ । ਅਸਲ ਵਿਚ ਸਿਖ ਉਹ ਹੀ ਹੋ ਸਕਦਾ ਹੈ ਜਿਸ ਨੂੰ
ਸਤਿਗੁਰੂ ਜੀ ਆਪ ਕ੍ਰਿਪਾ ਦ੍ਰਿਸ਼ਟੀ ਕਰ ਕੇ ਸਿਖੀ ਸਿਦਕ ਦਾ ਦਾਨ ਬਖਸ਼ਣ
ਬਾਕੀ ਸਭ : ਸਾਡੇ ਤਰਲੇ ਹੀ ਹਨ । ਇਹ ਸਤਿਗੁਰੂ ਦੀ ਰਜ਼ਾ ਹੈ ਕਿ ਜਿਸ ਨੂੰ
ਮਰਜੀ ਬਖਸ਼ਸ਼ ਕਰ ਦੇਣ

ਏਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ

ਸਤਿਗੁਰੂ ਜੀ ਦੀ ਬਖਸ਼ਸ਼ ਵਾਸਤੇ ਦੂਰ ਨੇੜੇ ਦਾ ਸਵਾਲ ਵੀ ਨਹੀ

ਤੀ ਸਾਹਿਬ ਸੰਦੀਆ , ਕਿਆ ਚਲੈ ਤਿਸੁ ਨਾਲਿ
ਕਿ ਜਾਗੰਦੇ ਨ ਲਹਨਿ੍ ਇਕਨਾ ਸੁਤਿਆ ਦੇਇ ਉਠਾਲਿ

ਮੇਰੇ ਲਿਖਣ ਦਾ ਭਾਵ ਹੈ
ਨਿਰਗੁਨ ਅਤੇ ਸਰਗੁਨ ਦੋਨੋ ਏਕ ਜਾਨੋ ਵਿਚ ਭੇਦ ਨਹੀਂ ਇਕ ਤਾਰ ਦਾ ਏ
ਅਖਵਾ

ਗੁਰੂ ਆਪ ਗੋਪਾਲ ਤੇ ਗੋਬਿੰਦ ਗੁਰੂ ਹੈ,
ਸਤਿਗੁਰ ਹੀ ਰੂਪ ਕਰਤਾਰ ਦਾ ਏ ।
ਗੁਰੂ ਦਇਆਲ ਤੇ ਬਖਸ਼ਿੰਦ ਗੁਰੂ ਹੈ,
ਗੁਰੂ ਕੋਟ ਪਤਿਤ ਉਧਾਰਦਾ ਏ ।

ਸੰਤ ਤਰਨ ਸਿੰਘ ਜੀ ਵਹਿਮੀ ਲਿਖਦੇ ਹਨ
ਬਾਣੀ ਦਾ ਪਿਆਰ ਨਿਰਾ ਨਾੜ ਜਿਹਾ ਜਾਪਦਾ ਏ,
ਸਭ ਮਨ ਸਾਧੂਆਂ ਦੇ ਸੰਸਾ ਜਿਹਾ ਛਾਇਆ ਸੀ ।
ਫਿਰ ਇਕ ਰੋਜ ਗੁਰੂ ਆਏ ਉਸੀ ਮੌਜ ਵਿਚ,
ਨਾਮ ਨੂੰ ਭੀ ਨਾਲ ਚਾਏ ਤੋਹਾਂ ਦੇ ਮਿਲਾਇਆ ਸੀ।
ਰੋਏ ਸੰਤ ਜਵਾਹਰ ਸਿੰਘ, ਮੱਥੇ ਹੱਥੇ ਮਾਰ ਕਿਹਾ,
ਕੀਤਾ ਜੇ ਖਵਾਰ ਏਡਾ , ਅਸਾਂ ਕੀ ਗਵਾਇਆ ਸੀ

- - - - - - - - - - - - - - - - -

ਜਿੱਟ ਸਿਦਕ ਨਿਭੇ ਜਿਦਾ ਭਾਈ
ਸਿਦਕੋਂ ਬਿਨਾਂ ਨ ਲੇਖੇ ਰਾਈ

ਲਿਖਣ ਦਾ ਭਾਵ ਇਹ ਹੈ ਕਿ ਸੱਚੇ ਪਾਤਸ਼ਾਹ ਜੀ ਅਨਾਹਾ ਬਾਦ ਦੇ ਕਿਲ੍ਹੇ ਵਿਚ
ਵੀ ਸਾਧ ਸੰਗਤ ਨੂੰ ਸ਼ੁਭ ਸਿਖਿਆ ਦਿੰਦੇ ਰਹਿੰਦੇ ਸਨ ।

Sri Satguru Jagjit Singh Ji Elibrary NamdhariElibrary@gmail.com

ਹਾਲਾਂ ਇਲਾਹਾਬਾਦ ਦੇ ਕਿਲ੍ਹੇ ਵਿਚ ਨਜ਼ਰਬੰਦ ਹੀ ਸਨ ਕਿ ਇਕ ਦਿਨ ਇਕ ਅੰਗਰੇਜ਼ ਅਫਸਰ ਨੇ ਇਕ ਸਿਖ ਨੂੰ ਕਹਿਆ ਕਿ ਲਾਰਡ ਮੇਯੋ ਦਾ ਹੁਕਮ ਹੈ ਕਿ ਤੁਹਾਨੂੰ ਸਾਰਿਆਂ ਨੂੰ ਬਿਨਾ ਦਸੇ ਕਿਸੇ ਦਿਨ ਸੂਲੀ ਤੇ ਚਾੜ੍ਹ ਦੇਣਾ ਹੈ। ਉਸ ਸਿਖ ਨੇ ਸਤਿਗੁਰੂ ਜੀ ਨੂੰ ਜਾ ਦੱਸਿਆ । ਸ੍ਰੀ ਸਤਿਗੁਰੂ ਜੀ ਨੇ ਸਹਿਜ ਸੁਭਾਇ ਹੀ ਬਚਨ ਕੀਤਾ, "ਤੁਸੀਂ ਫਿਕਰ ਨ ਕਰੋ, ਤੁਹਾਨੂੰ ਸੂਲੀ ਦਾ ਹੁਕਮ ਦੇਣਵਾਲਾ ਆਪ ਹੀ ਜਮਪੁਰੀ ਚਲਾ ਜਾਵੇਗਾ"

ਗੁਰੂ ਜੀ ਲਿਖਦੇ ਹਨ

**ਰਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ**
**ਦ੍ਰਿਸਟਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ**

ਗੁਰਬਾਣੀ ਵਿਚ ਤਾਂ ਸਾਧ ਬਚਨ ਅਟਲਾਧਾ ਲਿਖਿਆ ਹੈ। ਜਦ ਇਕ ਸਾਧ ਦਾ ਬਚਨ ਅਵੱਸ਼ ਹੀ ਪੂਰਾ ਹੁੰਦਾ ਹੈ ਤਾਂ ਫਿਰ ਸਾਧਾਂ ਦੇ ਬਣਾਉਣ ਵਾਲੇ ਸਤਿਗੁਰੂ ਜੀ ਦਾ ਬਚਨ ਕਿਉਂ ਨ ਪੂਰਾ ਹੁੰਦਾ।

ਸਿਖਾਂ ਨੂੰ ਸੂਲੀ ਚਾੜ੍ਹਨ ਦਾ ਹੁਕਮ ਹਾਲੀ ਨਹੀਂ ਸੀ ਦਿੱਤਾ ਕਿ ਲਾਰਡ ਮੇਯੋ ਨੂੰ ਕਿਸੇ ਜਰੂਰੀ ਸਰਕਾਰੀ ਕੰਮ ਵਾਸਤੇ ਕਾਲੇ ਪਾਣੀ ਜਾਣਾ ਪਿਆ। ਉਥੇ ਇਕ ਕੈਦੀ ਪਠਾਣ ਨੇ ਮੌਕਾ ਤਾੜ ਕੇ ਲਾਰਡ ਨੂੰ ਛੁਰਾ ਮਾਰ ਕੇ ਜਮਪੁਰੀ ਭੇਜ ਦਿੱਤਾ

ਇਸ ਤਰਾਂ ਕਿਲ੍ਹੇ ਵਿਚ ਵੀ ਸਤਿਗੁਰੂ ਜੀ ਕਈ ਕੌਤਕ ਕਰਦੇ ਰਹਿੰਦੇ ਸਨ

ਇਕ ਦਿਨ ਵਡੇ ਅਫਸਰ ਨੇ ਸਤਿਗੁਰ ਜੀ ਤੋਂ ਪੁਛਿਆ ਕਿ ਬਾਬਾ ਸਾਹਿਬ, ਆਪ ਕੀਆਂ ਗਾਧੀਆਂ ਕਿਸ ਕੋ ਦਿੱਤੀਆ ਜਾਣ? ਸਤਿਗੁਰ ਜੀ ਨੇ ਸਾਰਿਆਂ ਸੂਬਿਆਂ ਨੂੰ ਕੋਲ ਬਿਠਾ ਕੇ ਪੁਛਿਆ। ਕਿਸੇ ਕੁਝ ਆਖਿਆ ਕਿਸੇ ਕੁਝ, ਪਰ ਸੂਬਾ ਕਾਨ੍ਹ ਸਿੰਘ ਜੀ ਨੇ ਜਿਨ੍ਹਾਂ ਹਰਦੁਆਰ ਅਰਧ ਕੁੰਭੀ ਸਮੇਂ ਗੋਲੀ ਨੂੰ ਅਗਾ ਲਾਉਣ ਵਾਲਾ ਕੌਤਕ ਅਪਣੀ ਅਖੀਂ ਡਿੱਠਾ ਸੀ, ਕਹਿਆ ਕਿ

**"ਹੇ ਸੱਚੇ ਪਾਤਸ਼ਾਹ, ਇਹ ਕਾਰ ਤੇਰੇ ਭਾਈ ਤੋਂ**
**ਬਿਨਾ ਕਿਸੇ ਹੋਰ ਕੋਲੋਂ ਨਹੀਂ ਹੋਣੀ"**

ਸਤਿਗੁਰੂ ਜੀ ਨੇ ਬਚਨ ਕੀਤਾ ਕਿ ਭਾਈ ਮੇਰੀ ਵੀ ਇਹੋ ਮਰਜ਼ੀ ਹੈ। ਕਈਆਂ ਸੂਬਿਆਂ ਨੂੰ ਭਾਵੇਂ ਰੋਸ ਸੀ ਪਰ ਰਜ਼ਾ ਵਾਲੇ ਦੀ ਰਜ਼ਾ ਇਸੇ ਤਰ੍ਹਾਂ ਸੀ। ਅੰਗਰੇਜ਼ਾਂ ਨੂੰ ਜਾਂ ਦੂਜਿਆਂ ਜੀਵਾਂ ਨੂੰ ਕੀ ਪਤਾ ਸੀ ਕਿ ਗਾਧੀਆਂ ਭਾਈ ਬੁਧ ਸਿੰਘ ਜੀ ਨੂੰ ਸੌਂਪਣ ਦਾ ਭਾਵ ਕੀ ਸੀ? ਸਪਸ਼ਟ ਹੈ ਕਿ ਇਹ ਗਾਧੀਆਂ ਜਿਥੇ ਡੇਰੇ ਦੀਆਂ ਗਾਧੀਆਂ ਕਹੀਆਂ ਜਾ ਸਕੀਦੀਆਂ ਹਨ ਉਥੇ ਧੁਰ ਦਰਗਾਹ ਦੀਆਂ ਗਾਧੀਆਂ ਆਖੀਆਂ ਜਾ ਸਕੀਦੀਆਂ ਹਨ

Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਆਪਣੇ ਸੇਵਕ ਸੰਤ ਨਾਨੂੰ ਸਿੰਘ ਜੀ
ਸਮੇਤ ਕਲਕੱਤੇ ਤੋਂ ਰੰਗੂਨ ਜਾਣ ਲਈ
ਅੰਗਰੇਜ਼ੀ ਪਹਿਰੇ ਹੇਠ ਸਮੁੰਦ੍ਰੀ ਜਹਾਜ
ਤੇ ਚੜ੍ਹ ਰਹੇ ਹਨ

ਅਲਾਹਾਬਾਦ (ਪ੍ਰਯਾਗਰਾਜ) ਇਕ ਬਹੁਤ ਵੱਡਾ ਅਤੇ ਬਹੁਤ ਪੁਰਾਨਾ ਤੀਰਥ ਹੈ । ਲਖਾਂ ਆਦਮੀ ਅਤੇ ਇਸਤਰੀਆਂ ਇਥੇ ਤੀਰਥ ਯਾਤਰਾ ਕਰਨ ਲਈ ਆਉਂਦੇ ਜਾਂਦੇ ਹਨ । ਸਰਕਾਰ ਨੂੰ ਇਹ ਤੌਖਲਾ ਪੈ ਗਿਆ ਸੀ ਕਿ ਕਿਤੇ ਚੋਖੇ ਨਾਮਧਾਰੀ ਭੇਸ ਵਟਾ ਕੇ ਤੀਰਥ ਯਾਤਰਾ ਦੇ ਬਹਾਨੇ ਇਥੇ ਇਕੱਠੇ ਹੋ ਕੇ ਕੋਈ ਹੱਲਾ ਨ ਕਰ ਦੇਣ ਜਾਂ ਗੁਰੂ ਰਾਮ ਸਿੰਘ ਨਾਲ ਕੋਈ ਸੰਪਰਕ ਕਾਇਮ ਨ ਕਰ ਲੈਣ । ਇਸੇ ਡਰ ਕੇ ਸਰਕਾਰ ਨੇ ਬਿਨਾ ਮੁਕੱਦਮਾ ਚਲਾਏ ਹੀ ਸਤਿਗੁਰੂ ਜੀ ਨੂੰ ਬਰਤਾਨਵੀ ਬਰਮਾ ਭੇਜਣ ਦਾ ਫੈਸਲਾ ਕਰ ਲਿਆ ।

ਸ੍ਰੀ ਸਤਿਗੁਰੂ ਜੀ ਦੇ ਨਾਲ ਸਿਰਫ ਇਕ ਸੇਵਕ ਹੀ ਜਾ ਸਕਦਾ ਸੀ ਸਰਕਾਰੀ ਫੈਸਲੇ ਅਨੁਸਾਰ ਸਤਿਗੁਰੂ ਜੀ ਨੂੰ ਅਤੇ ਸੇਵਕ ਸੰਤ ਨਾਨੂੰ ਸਿੰਘ ਜੀ ਨੂੰ ੧੧ ਮਾਰਚ ੧੮੭੨ ਨੂੰ ਕਿਲ੍ਹੇ ਵਿਚੋਂ ਕੱਢ ਕੇ ਪਹਿਲਾਂ ਕਲਕੱਤੇ ਲਿਆਂਦਾ ਗਿਆ ਅਤੇ ਉਥੋਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ ਭੇਜਿਆ ਗਿਆ । ਮਿਸਟਰ ਵੈਬ ਦੀ ਗਾਰਦ ਦੇ ਪਹਿਰੇ ਹੇਠ ਸਤਿਗੁਰੂ ਜੀ ੧੯ ਮਾਰਚ ਨੂੰ ਰੰਗੂਨ ਪਹੁੰਚੇ ।

ਚਾਰ ਪੰਜ ਮਹੀਨਿਆਂ ਪਿਛੋਂ ਦੂਜਿਆਂ ਸੂਬਿਆਂ ਨੂੰ ਵੀ ਵਖੋ ਵਖ ਜੇਲਾਂ ਵਿਚ ਭੇਜ ਦਿੱਤਾ ਗਿਆ । ਸੂਬਾ ਸਾਹਿਬ ਸਿੰਘ ਜੀ ਅਤੇ ਸੂਬਾ ਕਾਨ੍ਹ ਸਿੰਘ ਜੀ ਨੂੰ ਅਦਨ ਭੇਜਿਆ ਗਿਆ । ਸੂਬਾ ਜਵਾਹਰ ਸਿੰਘ ਜੀ, ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਲਖਾ ਸਿੰਘ ਜੀ ਨੂੰ ਮੌਲਮੀਨ ਭੇਜਿਆ ਗਿਆ । ਸੂਬਾ ਰੂੜ ਸਿੰਘ ਜੀ, ਸੂਬਾ ਮਲੂਕ ਸਿੰਘ ਜੀ ਅਤੇ ਸੂਬਾ ਪਹਾੜਾ ਸਿੰਘ ਜੀ ਨੂੰ ਅਸੀਰਗੜ੍ਹ ਭੇਜਿਆ ਗਿਆ । ਸੂਬਾ ਮਾਨ ਸਿੰਘ ਜੀ ਅਤੇ ਸੂਬਾ ਹੁਕਮ ਸਿੰਘ ਜੀ ਨੂੰ ਚੁਨਾਰ ਭੇਜਿਆ ਗਿਆ । ਮਹਾਰਾਜਾ ਪਟਿਆਲੇ ਦੀ ਸਫਾਰਸ਼ ਕਰ ਕੇ ਸ: ਮੰਗਲ ਸਿੰਘ ਜੀ ਨੂੰ ਵਾਪਸ ਭੇਜ ਦਿਤਾ ਗਿਆ ਸੀ ।

ਜਹਾਜ਼ ਦੇ ਰੰਗੂਨ ਪਹੁੰਚਣ ਤੇ ਸਤਿਗੁਰੂ ਜੀ ਨੂੰ ਸੇਵਕ ਸਮੇਤ ਬੜੇ ਸਖਤ ਪਹਿਰੇ ਹੇਠ ਲਿਜਾ ਕੇ ਸੈਂਟਰਲ ਜੇਲ੍ਹ ਵਿਚ ਰਖਿਆ ਗਿਆ ਸੀ ਇਥੇ ਰਹਿੰਦਿਆਂ ਬਰਮਾ ਦਾ ਚੀਫ ਕਮਿਸ਼ਨਰ ਸਤਿਗੁਰੂ ਜੀ ਦੀ ਕਰਨੀ ਤੋਂ ਬਹੁਤ ਪ੍ਰਭਾਵਤ ਹੋਇਆ ਸੀ । ਉਸਦੇ ਸਰਕਾਰ ਨੂੰ ਸੁਝਾਉ ਦੇਣ ਤੇ ਸਤਿਗੁਰੂ ਜੀ ਨੂੰ ਸ਼ਹਿਰੋਂ ਦੂਰ ਇਕ ਪੁਰਾਨੇ ਲਕੜੀ ਦੇ ਬਣੇ ਹੋਏ ਬੰਗਲੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ । ਇਸੇ ਬੰਗਲੇ ਵਿਚ ਹੀ ਕਿਸੇ ਵਕਤ : ਬਹਾਦਰ ਸ਼ਾਹ ਨੂੰ ਰਖਿਆ ਗਿਆ ਸੀ

(ਦੂਜਾ)

ਭਾਈ ਗੁਰਦਾਸ ਜੀ ਲਿਖਦੇ ਹਨ

**ਤਿਗੁਰ ਬਾਵਨ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ**

ਕਹਿੰਦੇ ਹਨ ਕਿ ਚੰਦਨ ਦਾ ਬੂਟਾ ਭਾਵੇਂ ਜੰਗਲ ਵਿਚ ਵੀ ਹੋਵੇ ਉਥੇ ਵੀ ਉਹ ਅਪਨੀ ਸੁਗੰਧੀ ਫੈਲਾ ਦਿੰਦਾ ਹੈ । ਸਤਿਗੁਰੂ ਜੀ ਭਾਵੇਂ ਉਜਾੜ ਵਿਚ ਰਹਿੰਦੇ ਸਨ

ਪਰ ਉਥੇ ਵੀ ਜਿਹੜਾ ਆਪ ਜੀ ਦਾ ਦਰਸ਼ਨ ਕਰਦਾ ਸੀ ਮੋਹਿਆ ਜਾਂਦਾ ਸੀ ਕਿਉਂਜੋ

**ਸੇ ਜੰਤ ਭਏ ਹਰੀਆਵਲੇ**
**ਜਿਨੀ ਮੇਰਾ ਸਤਿਗੁਰ ਦੇਖਿਆ ਜਾਏ**

ਸ੍ਰ: ਗੁਰਦਿੱਤ ਸਿੰਘ ਜੀ ਕਮਲ ਨੇ ਆਪਣੀ ਖੋਜ ਅਨੁਸਾਰ ਲਿਖਿਆ ਸੀ ਕਿ ਬਰਮਾ ਦਾ ਲੈਫਟੀਨੈਂਟ ਗਵਰਨਰ ਆਪ ਜੀ ਦੀ ਕਰਨੀ ਤੋਂ ਬਹੁਤ ਪ੍ਰਭਾਵਤ ਹੋਇਆ ਸੀ ਉਹ ਸ੍ਰੀ ਸਤਿਗੁਰੂ ਜੀ ਨੂੰ ਖੁਲੀ ਸੈਰ ਕਰਨ ਦੀ ਆਗਿਆ ਦੇ ਦਿੰਦਾ ਸੀ ਕਈ ਵੇਰ ਤਾਂ ਉਹ ਸੈਰ ਕਰਨ ਵਾਸਤੇ ਆਪਣੀ ਅਠਾਂ ਘੋੜਿਆਂ ਵਾਲੀ ਬੱਘੀ ਭੇਜ ਦਿੰਦਾ ਸੀ। ਸਤਿਗੁਰੂ ਜੀ ਬੱਘੀ ਵਿਚ ਸਵਾਰ ਹੋ ਕੇ ਕਦੇ ਐਰਾਵਤੀ ਨਦੀ ਦੇ ਕਿਨਾਰੇ ਸੈਰ ਕਰਨ ਜਾਂਦੇ ਅਤੇ ਕਦੇ ਸ਼ਹਿਰ ਦੇ ਵਿਚਾਲੇ ਚਲੇ ਜਾਂਦੇ। ਜਦੋਂ ਬੱਘੀ ਵਿਚ ਬੈਠਿਆਂ ਸ਼ਹਿਰ ਦੀ ਸੈਰ ਕਰਨ ਜਾਂਦੇ ਤਾਂ ਸ਼ਹਿਰ ਨਿਵਾਸੀ ਸੜਕ ਦੇ ਦੋਹੀਂ ਪਾਸੀਂ ਖੜੋ ਕੇ, ਬੜੇ ਸਤਿਕਾਰ ਨਾਲ ਸਿਰ ਨਿਵਾ ਕੇ ਦੂਰੋਂ ਹੀ ਨਮਸਕਾਰ ਕਰਦੇ ਅਤੇ ਆਪਣੇ ਚੰਗੇ ਭਾਗ ਸਮਝਦੇ ਸਨ। ਮਾਨਵੇਂਦਰ ਵਿਚ ਲਿਖਿਆ ਹੈ

ਗੋਰਾ ਅਫ਼ਸਰ ਇਕ ਸੀ, ਸਤਿਗੁਰ ਜੀ ਦਾ ਦਾਸ।
ਸਿਖਾਂ ਵਾਂਗਰ ਉਸ ਦਾ, ਪੱਕਾ ਸੀ ਵਿਸ਼ਵਾਸ।
ਬਘੀ ਤੇ ਅਸਵਾਰ ਹੋ, ਪੰਜ ਵਜੇ ਨਿਤ ਸ਼ਾਮ।
ਓਹ ਹਨ ਸੈਰ ਤੇ ਜਾਂਵਦੇ, ਫਿਰਦੇ ਤੁਰਦੇ ਆਮ।

ਬਰਮਾ ਵਿਚ ਵਸਦੇ ਭਾਰਤੀ ਲੋਕ ਸਤਿਗੁਰੂ ਜੀ ਨੂੰ ਇਕ ਮਹਾਰਾਜਾ ਕਰਕੇ ਜਾਣਦੇ ਸਨ ਅਤੇ ਬਰਮੀ ਲੋਕ "ਫੈਯਾ ਜੀ" ਕਰ ਕੇ ਸਤਿਕਾਰ ਕਰਦੇ ਸਨ ਬਰਮੀ ਭਾਸ਼ਾ ਦੇ "ਫੈਯਾ ਜੀ" ਦਾ ਭਾਵ ਵਡਾ ਰਬ ਹੈ

ਅੰਗਰੇਜ਼ੀ ਸਰਕਾਰ ਦਾ ਤਾਂ ਇਕ ਬਹਾਨਾ ਹੀ ਬਣਨਾ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਤਾਂ ਪਹਿਲਾਂ ਹੀ ਲਿਖਿਆ ਹੋਇਆ ਸੀ

**ਸਕਲ ਭਵਾ ਦੀਪ ਮੈ ਜਾਹੀ**
**ਹੋਇ ਕ੍ਰਿਪਾਲ ਪ੍ਰਭ ਦਰਸ ਦਿਖਾਹੀ**

ਉਨ੍ਹਾਂ ਵਾਸਤੇ ਸਭ ਦੇਸ਼ ਆਪਣੇ ਹਨ, ਸਭ ਜੀਵ ਇਕੋ ਜਹੇ ਹਨ ਤਾਹੀਉਂ ਤਾਂ ਉਨ੍ਹਾਂ ਦੀ ਮੰਗ ਸੀ ਕਿ ਕੁਲ ਸ੍ਰਿਸ਼ਟੀ ਨਾਮ ਜਪਦੀ ਦਿਸੇ, ਪਸ਼ੂ ਪੰਛੀ ਨਾਮ ਜਪਦੇ ਦਿਸਣ ਵਣ ਤ੍ਰਿਣ ਪਰਬਤ ਨਾਮ ਜਪਦੇ ਦਿਸਣ। ਇਸ ਮੰਗ ਅਨੁਸਾਰ ਉਨ੍ਹਾਂ ਨੂੰ ਨਾਮ ਦਾ ਪਰਚਾਰ ਕਰਨ ਵਾਸਤੇ, ਸਾਰੇ ਦੇਸ਼ਾਂ ਵਿਚ ਜਾਣਾ ਪੈਣਾ ਸੀ (ਹੈ)

Sri Satguru Jagjit Singh Ji Elibrary NamdhariElibrary@gmail.com

ਪਹਿਲਾਂ ਭਾਰਤ ਵਿਚ ਪਰਚਾਰ ਕੀਤਾ

ਹੁੱਕੇ ਛੁਡਵਾਏ, ਰਖਵਾਏ ਕੇਸ ਮੋਨਿਯੋਂ ਕੇ,
ਪ੍ਰ3) ਸੁਧਾ ਛਕਿ ਖਾਏ ਸਿੱਖ ਭਾਗ ਜਿਨੈ ਜਾਗਿਓ ।
ਫੈਲਯੋ ਜਸ ਭਾਰੀ ਸਿੱਖ ਥੀਏ ਤੋਂ ਹਿ ਕੇ ਅਪਾਰੀ — ਗਿਆਨੀ
(ਛਾਪਾ ਹੋਇਆ) ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ । — ਗਿਆਨ
ਫੀਮ, ਭੰਗ, ਪੋਸਤ, ਸਰਾਬ, ਮਾਸ ਚੋਰੀ, ਜਾਰੀ, — ਸਿੰਘ ਜੀ
ਠੱਗੀ ਤਜਿ, ਥੀਏ ਸੰਤ, ਸਤਿਜੁਗ ਆ ਗਿਓ ।

ਸੰਗਤ ਅਪਾਰ ਆਵੈ, ਦੁਾਰ ਪੈ ਰਹਾਵੈ ਭੀਰ
ਪੂਜਾ ਜੋ ਚੜ੍ਹਾਵੈ, ਸੋ ਤੋ ਲੰਗਰ ਮੈਂ ਪਾਇ ਹੈ ।

ਦੇਸਨ ਮੈਂ ਧੂੰਮ ਮਾਚੀ ਸਾਚੀ ਇਸ ਤਾਹਿ ਤਬ
ਆਵੈਂ ਲੋਗ ਸਿੱਖ ਥਾਵੈਂ, ਅਜ਼ਮਾਵੈਂ ਤੈਸ ਹੀ ।

ਭਾਵ ਹੈ ਕਿ ਸਤਿਗੁਰੂ ਜੀ ਦੇ ਪਰਚਾਰ ਸਦਕਾ ਲਖਾਂ ਹੀ ਆਦਮੀ ਸਿਖ ਸੱਜ ਗਏ ਸਨ । ਇਹ ਸਾਰੇ ਮਾਸ ਸ਼ਰਾਬ, ਚੋਰੀ ਜਾਰੀ ਆਦੀ ਕੁਕ੍ਰਿਤ ਕਰਮ ਤਿਆਗ ਕੇ ਭਜਨ ਕਰਨ, ਗੁਰਬਾਣੀ ਪੜ੍ਹਨ, ਸੇਵਾ ਕਰਨ ਵਲ ਲਗ ਪਏ ਸਨ, ਐਸਾ ਪਰਤੀਤ ਹੁੰਦਾ ਸੀ ਜਿਵੇਂ ਕਲਿਜੁਗ ਵਿਚ ਹੀ ਸਤਿਜੁਗ ਵਰਤ ਰਿਹਾ ਹੈ ।

ਭਾਰਤ ਤੋਂ ਪਿਛੋਂ ਨਾਮ ਦਾ ਛਿੱਟਾ ਦੇਣ ਲਈ ਅਥਵਾ ਅਪਣਾ ਦਰਸ਼ਨ ਦੇਣ ਲਈ ਪ੍ਰਦੇਸ ਗਵਨ ਦੇ ਬਹਾਨੇ ਬਰਮਾ ਦੇਸ਼ ਦੀ ਰਾਜਧਾਨੀ ਰੰਗੂਨ ਪਧਾਰੇ

## ਜਹ ਸਤਿਗੁਰੁ ਤਹ ਸਤਸੰਗਤਿ ਬਣਾਈ

ਅਨੁਸਾਰ ਜਿਥੇ ਵੀ ਸਤਿਗੁਰੂ ਜੀ ਗਏ ਅਥਵਾ ਜਾਣਗੇ ਉਥੇ ਹੀ ਸਿਖੀ ਗੁਲਜ਼ਾਰ ਖਿਲੀ ਅਥਵਾ ਖਿਲੇਗੀ । ਸ੍ਰ: ਗੁਰਦਿਤ ਸਿੰਘ ਜੀ ਜਿਨ੍ਹਾਂ ਨੂੰ ਇੰਜੀਅਰ (Engineer) ਦੀ ਹੈਸੀਅਤ ਵਿਚ ਬਰਮਾ ਦੇਸ਼ ਦੀ ਸਰਵੇ (Survey) ਕਰਨ ਦਾ ਮੌਕਾ ਮਿਲਿਆ ਸੀ, ਲਿਖਦੇ ਹਨ ਕਿ ਸਤਿਗੁਰੂ ਜੀ ਦੇ ਬਰਮਾ ਵਿਚ ਚਰਨ ਪਾਉਣ ਸਦਕਾ ਬਰਮਾ ਵਿਚ ਹਰ ਥਾਂ ਸਿਖ ਨਜ਼ਰੀ ਆਉਂਦੇ ਹਨ । ਥਾਂ ਥਾਂ ਵਿਚ, ਬਸਤੀਆਂ ਤੇ ਸ਼ਹਿਰਾਂ ਵਿਚ ਸਿਖਾਂ ਦੇ ਗੁਰਦਵਾਰੇ ਹਨ

ਸਾਨੂੰ ਤਾਂ ਸਿਰਫ਼ ਭਾਰਤ ਦਾ ਅਤੇ ਬਰਮਾ ਦਾ ਹੀ ਪਤਾ ਹੈ । ਇਸ ਤੋਂ ਅਗੇ ਜਿਥੇ ਜਿਥੇ ਗਏ ਅਤੇ ਜਿਸ ਤਰਾਂ ਕਿਰਪਾ ਕੀਤੀ ਉਹ ਹਾਲੀਂ ਗੁਪਤ ਹੀ ਹੈ ਜਾਂ ਉਹ ਆਪ ਹੀ ਜਾਣਦੇ ਹਨ

## ਤੇਰੀ ਅਕਥ ਕਥਾ ਕਥਨੁ ਨ ਜਾਈ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਜਦੋਂ ਵੀ ਇਕ ਦੇਸ਼ ਤੋਂ ਦੂਸਰੇ ਦੇਸ਼ ਗਏ ਹੋਣਗੇ
ਉਦੋਂ ਹੀ ਪਹਿਲੇ ਦੇਸ਼ ਦੇ ਪ੍ਰੇਮੀਆਂ ਨੂੰ ਵਿਛੋੜਾ ਪਿਆ ਹੋਵੇਗਾ ।
ਦੂਸਰੇ ਦੇਸਾਂ ਦੇ ਹਾਲ ਦਾ ਪਤਾ ਨ ਹੋਣ ਕਰਕੇ ਸਾਨੂੰ ਤਾਂ ਸਿਰਫ ਇੰਨਾ ਹੀ ਪਤਾ ਹੈ
ਕਿ ਪੰਜਾਬ ( ਭਾਰਤ ) ਤੋਂ ਬਾਹਰ ਜਾਣ ਸਮੇਂ ਪੰਜਾਬ ਅਥਵਾ ਭਾਰਤ
ਦੇ ਸਿਖਾਂ ਨੂੰ ਵਿਛੋੜਾ ਸਹਿਣਾ ਪਇਆ ਸੀ

ਵਿਛੋੜਾ ਸ਼ਬਦ ਬੋਲਿਆਂ ਤਾਂ ਸਿਰਫ ਤਿੰਨ ਅਖਰਾਂ ਅਤੇ ਤਿੰਨ ਲਗਾਂ
ਤੋਂ ਹੈ ਪਰ ਇਸ ਕੋਲੋਂ ਡਰਦੇ ਤਿੰਨੇ ਲੋਕ ਹਨ । ਸਿਆਣੇ ਆਦਮੀ ਕਹਿੰਦੇ
ਹਨ ਕਿ ਬਿਰਹਨ ਦੇ ਜੀਵਨ ਵਿਚ ਕੋਈ ਖੇੜਾ ਨਹੀਂ ਹੁੰਦਾ ਕੋਈ ਰੌਨਕ ਨਹੀਂ
ਹੁੰਦੀ ਕੋਈ ਚਾਨਣ ਨਹੀਂ ਹੁੰਦਾ । ਉਹ ਅਪਣੇ ਮਨ ਦੇ ਦੁਖ ਕਿਸ ਨੂੰ ਸੁਣਾਏ ?
ਉਹ ਕਿਸ ਨਾਲ ਜੀ ਭਰ ਕੇ ਗਲਾਂ ਕਰੇ ?

## ਜੋ ਮੈ ਬੇਦਨ ਸਾ ਕਿਸੁ ਆਖਾ ਮਾਈ

ਜਿਸ ਬਿਰਹਨ ਦਾ ਪਿਰੁ ਘਰਿ ਨਹੀ ਆਵੈ,
ਉਹ ਧਨ ਕਿਉ ਸੁਖੁ ਪਾਵੈ,
ਉਸਦਾ ਤਾਂ ਬਿਰਹਿ ਬਿਰੋਧ ਤਨੁ ਛੀਜੈ ।

ਜਿਥੇ ਕਾਮਣੀ ਸਾਵਣ ਵਿਚ ਖੁਸ਼ ਹੁੰਦੀ ਹੈ ਅਥਵਾ ਸਾਵਣਿ ਸਰਸੀ ਕਾਮਣੀ
ਉਥੇ ਬਿਰਹਨ ਵਾਸਤੇ
ਪਿਰੁ ਪਰਦੇਸਿ ਸਿਧਾਏ
ਫਿਰ ਉਸਦਾ ਪਿਰੁ ਘਰਿ ਨਹੀਂ ਆਵੈ,
ਉਹ ਵਿਚਾਰੀ ਮਰੀਐ ਹਾਵੈ,
ਉਸ ਨੂੰ ਦਾਮਨਿ ਚਮਕਿ ਡਰਾਏ ।
ਉਸ ਵਾਸਤੇ ਸੇਜ ਇਕੇਲੀ,
ਉਹ ਖਰੀ ਦੁਹੇਲੀ,
ਉਸ ਵਾਸਤੇ ਤਾਂ ਮਰਣੁ ਭਇਆ ਦੁਖੁ ਮਾਏ ।
ਉਹਨੂੰ ਹਰਿ ਬਿਨੁ ਨੀਦ ਭੂਖ ਕਹੁ ਕੈਸੀ,
ਕਾਪੜੁ ਤਨਿ ਨ ਸੁਖਾਵਏ ।

ਬਿਰਹਨ ਵਾਸਤੇ ਸੀਗਾਰ ਕਰਨਾ ਸਰਾਸਰ ਫਜ਼ੂਲ ਹੈ
ਕਾਜਲ ਫੂਲ ਤੰਬੋਲ ਰਸੁ, ਲੈ ਧਨ ਕੀਆ ਸੀਗਾਰੁ ।
ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ।

## ਮੁੰਧੇ ਪਿਰ ਬਿਨੁ ਕਿਆ ਸੀਗਾਰੁ

Sri Satguru Jagjit Singh Ji Elibrary NamdhariElibrary@gmail.com

ਪ੍ਰੀਤਮ ਦੇ ਵਿਛੋੜੇ ਵਿਚ ਬਿਰਹਨ ਦੀ ਇਹ ਹਾਲਤ ਹੁੰਦੀ ਹੈ

ਆਸ਼ਕਾਂ ਰਾ ਨਵ ਨਿਸ਼ਾਨੀ ਐ ਪਿਸਰ

**ਆਹ ਸਰਦੋ, ਰੰਗ ਜ਼ਰਦੋ, ਚਸ਼ਮ ਤਰ**

**ਕਮ ਗੁਫਤਨੇ, ਕਮ ਖੁਰਦਨੇ, ਖੁਆਬਸ਼ ਹਰਾਮ**

**ਇੰਤਜ਼ਾਰੀ, ਬੇ ਕਰਾਰੀ, ਦਸਤ ਸਰ**

**ਆਹ ਸਰਦ** آہ سرد — ਭਾਵ ਬਿਰਹਨ ਪ੍ਰੀਤਮ ਦੇ ਵਿਛੋੜੇ ਵਿਚ ਹਰ ਵਕਤ ਠੰਡੇ ਸਵਾਸ ਲੈਂਦੀ ਰਹਿੰਦੀ ਹੈ ਹਉਕੇ ਭਰਦੀ ਰਹਿੰਦੀ ਹੈ

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ, ਲੈ ਉਸਾਸਾ ।

**ਰੰਗ ਜ਼ਰਦ** رنگ زرد — ਪ੍ਰੀਤਮ ਦੇ ਵਿਛੋੜੇ ਵਿਚ ਚਿਹਰੇ ਤੇ ਕੋਈ ਖੁਸ਼ੀ ਨਹੀ ਰਹਿੰਦੀ ਸਾਰਾ ਸਰੀਰ ਪੀਲਾ ਹੋ ਜਾਂਦਾ ਹੈ

ਫਰੀਦਾ ਤਨੁ ਸੁਕਾ ਪਿੰਜਰੁ ਥੀਆ

**ਚਸ਼ਮ ਤਰ** چشم تر — ਪ੍ਰੀਤਮ ਦੇ ਵਿਛੋੜੇ ਕਰਕੇ ਬਿਰਹਨ ਦੇ ਨੇਤ੍ਰਾਂ ਵਿਚੋਂ ਜਲ ਟਪਕਦਾ ਰਹਿੰਦਾ ਹੈ

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ

ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਣ ਨੀਰਿ ਭਰਿ ਆਇਓ ॥

**ਕਮ ਗੁਫਤਨ** کم گفتن — ਬਿਰਹਨ ਬਹੁਤ ਘਟ ਬੋਲਦੀ ਹੈ

**ਕਮ ਖੁਰਦਨ** کم خوردن — ਬਿਰਹਨ ਖਾਂਦੀ ਵੀ ਬਹੁਤ ਘਟ ਹੈ

ਪਾਣੀ ਅੰਨੁ ਨ ਭਾਵੈ, ਮਰੀਐ ਹਾਵੈ, ਬਿਨੁ ਪਿਰ ਕਿਉ ਸੁਖੁ ਪਾਈਐ ॥

**ਖੁਆਬਸ਼ ਹਰਾਮ** خوابش حرام — ਬਿਰਹਨ ਵਾਸਤੇ ਨੀਂਦਰ ਤਾਂ ਇਕ ਕਿਸਮ ਦੀ ਹਰਾਮ ਹੋ ਜਾਂਦੀ ਹੈ

ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ।

ਮਿਲੁ ਮੇਰੇ ਪ੍ਰੀਤਮਾ ਜੀਉ, ਤੁਧੁ ਬਿਨੁ ਖਰੀ ਨਿਮਾਣੀ ॥

ਮੈ ਨੈਣੀ ਨੀਦ ਨ ਆਵੈ ਜੀਉ, ਭਾਵੈ ਅੰਨੁ ਨ ਪਾਣੀ ॥

ਸੇਜ ਇਕੇਲੀ, ਨੀਦ ਨਹੁ ਨੈਨਹ, ਪਿਰੁ ਪਰਦੇਸਿ ਸਿਧਾਏ

**ਇੰਤਜ਼ਾਰੀ** انتظاری — ਬਿਰਹਨ ਅਪਣੇ ਪ੍ਰੀਤਮ ਨੂੰ ਹਰ ਵਕਤ ਉਡੀਕਦੀ ਰਹਿੰਦੀ ਹੈ

ਉਡੀਣੀ ਉਡੀਣੀ ਉਡੀਣੀ । ਕਬ ਘਰਿ ਆਵੈ ਰੀ

ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥

**ਬੇਕਰਾਰੀ** بے قراری — ਬਿਰਹਨ ਦਾ ਦਿਲ ਹਰ ਵਕਤ ਬੇਚੈਨ ਰਹਿੰਦਾ ਹੈ

ਬਾਝੁ ਪਿਆਰੇ ਆਪਣੇ, ਬਿਰਹੀ ਨਾ ਧੀਰੇਦਿ ।

ਮਾਈ ਕਹਾ ਕਰਉ ਇਹੁ ਮਨੁ ਨ ਧੀਰੈ, ਪ੍ਰਿਅ ਪ੍ਰੀਤਮ ਬੈਰਾਗੁ ਹਿਰੈ

**ਦਸਤ ਸਰ** دست سر — ਹਰ ਵਕਤ ਸਿਰ ਤੇ ਹਥ ਧਰ ਭਾਵ ਸੋਕਾਤੁਰ ਰਹਿੰਦੀ ਹੈ

ਬਾਝਹੁ ਪਿਆਰੇ, ਕੋਇ ਨ ਸਾਰੇ, ਏਕਲੜੀ ਕੁਰਲਾਏ

ਉਹ ਵਿਚਾਰੀ ਤਰਲੇ ਕਰ ਕਰ ਕੇ ਅਪਣੇ ਪ੍ਰੀਤਮ ਨੂੰ ਸੁਨੇਹੇ ਭੇਜਦੀ ਹੈ

ਇਤਨਾ ਸੰਦੇਸਾ ਮੇਰਾ ਊਧੋ ਮੋਹਨ ਜੀ ਸੇ ਕਹਿਣਾ

ਕੀ ਸੰਦੇਸਾ ?

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ

ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤ ਪਿਆਸ ਲਗੀ

ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦ ਕਹਿਣਾ ।
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ ।
ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗੁ ਕਸਾਈਆਂ ਦਾ ਸਹਿਣਾ ।

ਭੈਣੀ ਵਾਲਿਆ ਦੇਰ ਨ ਲਾ ਬਹੁਤੀ, ਗੋਤੇ ਖਾਂਦਿਆਂ ਨੂੰ ਲਾ ਦੇ ਪਾਰ ਆ ਕੇ
ਏਸੇ ਲਈ ਹਾਂ ਸਿਮਰਦੇ ਦਿਨ ਰਾਤੀ, ਚੀਨੀ ਵਾਲਿਆ ਦੇਹ ਦੀਦਾਰ ਆ ਕੇ

ਚੀਨੀ ਵਾਲਿਆ ਪ੍ਰੀਤਮ ਪਰਤ ਆਵੀਂ, ਨੇੜੇ ਆਈ ਬਸੰਤ ਬਹਾਰ ਦਿਸੇ ।
ਗੋਕਲ ਵਿਚ ਅਜ ਗੋਪੀਆਂ ਰੋਣ ਪਈਆਂ, ਸਾਨੂੰ ਕਿਤੇ ਨ ਕ੍ਰਿਸ਼ਨ ਮੁਰਾਰ ਦਿਸੇ ।
ਸੁੰਨੀ ਪਈ ਅਜੁਧਿਆ ਪੁਰੀ ਜਾਪੇ, ਅਜ ਕਿਤੇ ਨ ਰਾਮ ਅਵਤਾਰ ਦਿਸੇ ।
ਪੱਥਰ ਹੋਏ ਹਾਂ ਵਾਂਗ ਅਹਿੱਲਿਆ ਦੇ, ਚਰਨ ਲਾਉ ਤਾਂ ਸਾਡਾ ਉਧਾਰ ਦਿਸੇ ।

Sri Satguru Jagjit Singh Ji Elibrary NamdhariElibrary@gmail.com

ਫਿਰ ਹੈਰਾਨੀ ਦੀ ਗਲ ਇਹ ਹੈ ਕਿ ਜਦੋਂ ਬਿਰਹਾ ਦੀ ਕਰਕ
ਕਲੇਜੇ ਵਿਚ ਛਿੜਦੀ ਹੈ ਤਾਂ ਇਸਦਾ ਕੋਈ ਇਲਾਜ ਵੀ ਨਹੀਂ
ਤਾਂ ਹੀ ਤੇ ਸ੍ਰੀ ਕਬੀਰ ਜੀ ਲਿਖਦੇ ਹਨ

## ੀਰ ਬਿਰਹੁ ਭੁਯੰਗਮੁ ਮਨ ਬਸੈ ਮੰਤੁ ਨ ਮਾਨੈ ਕੋਇ

ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ

## ਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ।
## ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ ।

ਫਿਰ ਅਸਚਰਜ ਇਹ ਹੈ ਕਿ ਬਿਰਹਨ ਨੂੰ ਭਾਵੇਂ ਕਿੰਨੇ ਹੀ ਸੁਹਣੇ ਅਤੇ ਢੁਕਵੇਂ ਪ੍ਰਮਾਣਾਂ ਸਹਿਤ ਕਥਾ ਜਾਂ ਕੀਰਤਨ ਦੁਆਰਾ ਸਮਝਾਇਆ ਜਾਏ ਤਾਂ ਭੀ ਉਸ ਤੇ ਕੋਈ ਅਸਰ ਨਹੀਂ ਹੁੰਦਾ । ਭਾਈ ਗੁਰਦਾਸ ਜੀ ਲਿਖਦੇ ਹਨ

ਬਿਨ ਪ੍ਰਿਯ, ਸਿਹਜਾ ਭਵਨ ਆਨ ਰੂਪ ਰੰਗ, ਦੇਖੀਐ ਸਕਲ ਜਮਦੂਤ ਭੈ ਭਯਾਨ ਹੈ
ਬਿਨ ਪ੍ਰਿਯ, ਰਾਗ ਨਾਦ ਬਾਦ ਗਯਾਨ ਆਨ ਕਥਾ, ਲਾਗੈ ਤਨ ਤੀਛਨ ਦੁਸਹਿ ਉਰ ਬਾਨ ਹੈ

ਭਾਵ ਇਹ ਹੈ ਕਿ ਆਪਣੇ ਪ੍ਰੀਤਮ ਤੋਂ ਬਿਨਾ ਬਿਰਹਨ ਨੂੰ ਸੁਹਣੀ ਸੇਜ ਸੁਹਣਾ ਮਹਲ ਅਤੇ ਹੋਰ ਰੂਪ ਰੰਗ ਡਰਾਉਣੇ ਅਤੇ ਭਿਆਨਕ ਲਗਦੇ ਹਨ । ਹੋਰ ਤਾਂ ਹੋਰ ਉਸਨੂੰ ਤਾਂ ਹਰੀ ਕੀਰਤਨ ਅਤੇ ਕਥਾ ਵੀ ਉਸਦੇ ਹਿਰਦੇ ਨੂੰ ਤਿਖੇ ਅਤੇ ਅਸਹਿ ਤੀਰ ਲਗਦੇ ਭਾਸਦੇ ਹਨ । ਇਥੇ ਮੈਨੂੰ ਇਕ ਆਮ ਪ੍ਰਚਲਤ ਕਥਾ ਯਾਦ ਆਉਂਦੀ ਹੈ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਗੋਕਲ ਤੋਂ ਮਥਰਾ ਚਲੇ ਗਏ ਸਨ । ਗੋਕਲ ਅਤੇ ਮਥਰਾ ਦਾ ਕੋਈ ਲੰਬਾ ਫਾਸਲਾ ਨਹੀ । ਪਰ ਹੁਕਮ ਦੀ ਕਾਰ ਉਲੰਘ ਕੇ ਗੋਪੀਆਂ ਮਥਰਾ ਨਹੀਂ ਸਨ ਜਾ ਸਕਦੀਆਂ

ਕ੍ਰਿਸ਼ਨ ਕਾਨ੍ਹ ਨੂੰ ਮਥਰਾ ਲੈ ਜਾਣ ਦੀਆਂ, ਆ ਅਕਰੂਰ ਨੇ ਪਾਤੀਆਂ ਦੀਤੀਆਂ ਨੀ ।
ਕਿਹਾ ਸ਼ਾਮ, ਨੂੰ ਤੁਸੀਂ ਪੈਗਾਮ ਆਏ, ਚਾਚਾ, ਮੇਰੀਆ ਤਾਂ ਅਗੋ ਹੀ ਲੀਤੀਆਂ ਨੀ
ਹੋਏ ਤਿਆਰ ਜਾਂ ਕ੍ਰਿਸ਼ਨ ਮੁਰਾਰ ਮਾਧੋ, ਜੋੜੇ ਰਥ ਪ੍ਰੇਮੀਆਂ ਕੀਤੀਆਂ ਨੀ ।
ਛੱਡ ਗੋਪੀਆਂ ਕਾਨ੍ਹ ਰਵਾਨ ਹੋਏ, ਰਹੀਆਂ ਰੋਂਦੀਆਂ ਗਈਆਂ ਗਵੀਤੀਆਂ ਨੀ

ਅੰਤਰਜਾਮੀ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ ਮਥਰਾ ਜਾ ਕੇ ਗੋਪੀਆਂ ਨੂੰ ਧੀਰਜ ਦੇਣ ਵਾਸਤੇ ਆਪਣੇ ਮਿਤ੍ਰ ਊਧਵ ਹੱਥ ਸੁਨੇਹਾ ਭੇਜਿਆ, ਜੋ ਸ੍ਰੀ ਦਸਮ ਗ੍ਰੰਥ ਵਿਚ ਇਸ ਤਰਾਂ ਹੈ :-

ਊਧਵ ਬਾਚ ॥ ਸਵੈਯਾ ॥

ਊਧਵ ਗ੍ਵਾਰਨਿ ਸੋ ਇਹ ਭਾਂਤ ਕਹਯੋ, ਹਰਿ ਕੀ ਬਤੀਯਾ ਸੁਨਿ ਲੀਜੈ,
ਾਰਗ ਜਾਹਿ ਕਹਯੋ ਰਹੀਯੈ, ਜਉ ਕਾਜ ਕਹਯੋ ਸੋਊ ਕਾਰਜ ਕੀਜੈ,
ੋਗਨਿ ਫਾਰ ਸਭੈ ਪਟ ਹੋਵਹੁ, ਜੋ ਤੁਮ ਸੋ ਕਹਯੋ ਸੋਊ ਕਰੀਜੈ,
ਤਾਹੀ ਕੀ ਓਰ ਰਹੋ ਲਿਵ ਲਾਇ ਰੀ, ਜਾਤੇ ਕਛੂ ਤੁਮਰੋ ਨਹੀ ਛੀਜੈ,

ੋਪੀਆਂ ਨੇ ਸ੍ਰੀ ਮਹਾਰਾਜ ਜੀ ਦਾ ਊਧਵ ਜੀ ਕੋਲੋਂ ਗਿਆਨ ਸੁਨੇਹਾ ਸੁਣ ਕੇ ਗਿਆਨ ਵਲ ਤਾਂ ਧਿਆਨ ਦਿੱਤਾ ਨਹੀਂ ਸਗੋਂ ਅਪਣੇ ਪ੍ਰੇਮ ਦੀਆਂ ਹੀ ਗਲਾਂ ਛੇੜ ਦਿੱਤੀਆਂ

ਗਜਾਨ ਕੋ ਉਤਰ ਦੇਤ ਭਈ ਨਹਿ, ਪ੍ਰੇਮ ਚਿਤਾਰ ਸਭੇ ਉਚਰਾਨੀ,
ਗਜਾਨ ਕੀ ਜੋ ਇਨ ਬਾਤ ਕਹੀ ਤਿਨ ਹੂੰ ਹਿਤ ਸੋ, ਕਰਿ ਏਕ ਨ ਮਾਨੀ,

ਗੋਪੀਆਂ ਨੇ ਫਿਰ ਊਧਵ ਜੀ ਨੂੰ ਕਿਹਾ

ਊਧਵ ਮੋ ਸੁਨ ਲੈ ਬਤੀਯਾ, ਜਦੁਬੀਰ ਕੋ ਧਯਾਨ ਜਬੈ ਕਰਿਹੋਂ ॥
ਬਿਰਹਾ ਤਬ ਆਇ ਕੈ ਮੋਹਿ ਗ੍ਰਸੈ, ਤਿਹ ਕੇ ਗ੍ਰਸਏ ਨ ਜੀਯੋ ਮਰਿ ਹੋਂ ॥
ਨ ਕਛੂ ਸੁਧਿ ਮੋ ਤਨ ਮੈ ਰਹਿ ਹੈ, ਧਰਨੀ ਪਰ ਹ੍ਵੈ ਬਿਸੁਧੀ ਝਰਿ ਹੋਂ ॥
ਤਿਹ ਤੇ ਹਮ ਕੋ ਬਿਰਥਾ ਕਹੀਯੈ, ਕਿਹ ਭਾਂਤ ਸੋ ਧੀਰਜ ਹਉ ਧਰਿ ਹੋਂ ॥

ਫਿਰ ਜਦੋਂ ਊਧਵ ਜੀ ਕੋਲੋਂ ਜੋਗ ਦਾ ਉਪਦੇਸ਼ ਸੁਣਿਆ ਤਾਂ ਸਾਰੀਆਂ ਗੋਪੀਆਂ ਇਕ ਦਮ ਇਕ ਕਵੀ ਦੀ ਕਲਮ ਰਾਹੀ ਇਸ ਤਰਾਂ ਬੋਲ ਉਠੀਆਂ

ਜੋਗੀ ਤਜੇ ਜਗਤਿ, ਹਮ ਜੋਗ ਜਗਤਿ ਦੋਨੋਂ ਤਜੇ, ਜੋਗੀ ਲਾਵੇ ਛਾਰ, ਹਮ ਛਾਰ ਹੂੰ ਕੇ ਮਠ ਹੈਂ ।
ਜੋਗੀ ਬੇਧੇ ਕਾਨ, ਹਮ ਕਾਨ ਪ੍ਰਾਣ ਦੋਨੋਂ ਬੇਧੇ, ਜੋਗੀ ਕਰੇ ਨਾਥ, ਹਮ ਕ੍ਰਿਸ਼ਣ ਨਾਮ ਰਟ ਹੈਂ ।
ਜੋਗੀ ਕਾਨ ਮੁਦਰਾ, ਹਮ ਭੂਖਣ ਬਨਾਇ ਰਾਖੇਂ, ਹਮਰੇ ਸਿਰ ਕੇਸ, ਵਹਾਂ ਜੋਗੀ ਸਿਰ ਜਟ ਹੈਂ ।
ਜਾਨ ਕੇ ਅਜਾਨ, ਤੁਮ ਕਹਾ ਭਏ ਊਧਵ ਜੀ, ਜੋਗ ਕੀ ਜਗਤਿ ਸੇ, ਵਿਓਗੀ ਕਿਆ ਘਟ ਹੈਂ ।

ਸਜਾਮ ਤਨ ਸਜਾਮ ਮਨ, ਸਜਾਮ ਹੀ ਹਮਾਰੋ ਧਨ, ਆਠੋ ਜਾਮ ਊਧਵ ਹਮੇਂ ਸਜਾਮ ਹੀ ਸੋ ਕਾਮ ਹੈ
ਸਜਾਮ ਹੀਏ, ਸਜਾਮ ਜੀਏ, ਸਜਾਮ ਬਿਨ ਨਾਹੀ ਤੀਏ, ਅੰਧੇ ਕੀ ਸੀ ਲਾਕੜੀ ਆਧਾਰ ਨਾਮ ਸਜਾਮ ਹੈ
ਸਜਾਮ ਪਤਿ ਸਜਾਮ ਮਤਿ, ਸਜਾਮ ਹੀ ਹਮਾਰੇ ਤਪ, ਸਜਾਮ ਸੁਖਦਾਈ ਸੋ ਭਲਾਈ ਸੋਭਾ ਧਾਮ ਹੈ
ਊਧਵ ਤੁਮ ਭਏ ਬਉਰੇ, ਪਾਤੀ ਲੇ ਕੇ ਆਏ ਦਉਰੇ, ਜੋਗ ਕਹਾ ਰਾਖੇ, ਯਹਾਂ ਤ ਰੋਮ ਰੋਮ ਸਜਾਮ ਹੈ

ਲਿਖਣ ਦਾ ਭਾਵ ਹੈ ਕਿ ਬਿਰਹਨ ਵਾਸਤੇ ਗਿਆਨ ਧਿਆਨ ਦੀ ਕੋਈ ਧੀਰਜ ਨਹੀਂ ਬੰਧਾ ਸਕਦੇ । ਉਹ ਤਾਂ ਅਪਣੇ ਪ੍ਰੀਤਮ ਦਾ ਮਿਲਾਪ ਚਾਹੁੰਦੀ ਹੈ ।

Sri Satguru Jagjit Singh Ji Elibrary NamdhariElibrary@gmail.com

ਬਿਰਹਨ ਜਿਚਰੁ ਸਾਸ ਤਿਚਰੁ ਆਸ ਅਨੁਸਾਰ ਅਪਣੇ
ਪ੍ਰੀਤਮ ਨੂੰ ਯਾਦ ਕਰਦੀ ਹੋਈ ਦਰਸ਼ਨ ਦੀ ਆਸ ਵਿਚ ਦਿਨ ਬਿਤਾਉਂਦੀ ਰਹਿੰਦੀ ਹੈ

# ਹਮਰੈ ਮਾਨਿ ਚਿਤਿ ਹਰਿ ਆਸ ਨਿਤ
# ਕਿਉ ਦੇਖਾ ਹਰਿ ਦਰਸੁ ਤੁਮਰਾ ।

ਕਹਿ ਰਵਿਦਾਸ ਆਸ ਲਗਿ ਜੀਵਉ, ਚਿਰ ਭਇਓ ਦਰਸਨੁ ਦੇਖੇ ॥

ਸ੍ਰੀ ਰਾਮ ਚੰਦ੍ਰ ਜੀ ਦੇ ਹੁਕਮ ਅਨੁਸਾਰ ਅਥਵਾ ਸ੍ਰੀ ਰਾਮ ਚੰਦ੍ਰ ਜੀ ਦੀ ਕਿਰਪਾ ਨਾਲ ਸ੍ਰੀ ਹਨੂਮਾਨ ਜੀ ਲੰਕਾ ਪਹੁੰਚ ਕੇ ਅਸ਼ੋਕ ਬਨ ਵਿਚ ਜਾਂਦੇ ਹਨ । ਮਾਤਾ ਸੀਤਾ ਜੀ ਨੂੰ ਦੂਰੋਂ ਹੀ ਵੇਖ ਕੇ ਮਨ ਵਿਚ ਹੀ ਨਮਸਕਾਰ ਕਰ ਕੇ ਇਕ ਬ੍ਰਿਖ ਦੀ ਟਹਿਣੀ ਤੇ ਪਤਿਆਂ ਵਿਚ ਲੁਕ ਕੇ ਬਹਿ ਜਾਂਦੇ ਹਨ । ਹਾਲਾਂ ਕੁਝ ਸੋਚਦੇ ਹੀ ਸਨ ਕਿ ਰਾਵਨ ਅਪਣੀਆਂ ਇਸਤਰੀਆਂ ਸਹਿਤ ਆ ਗਿਆ । ਆਉਂਦਿਆਂ ਸਾਰ ਮਾਤਾ ਸੀਤਾ ਜੀ ਨੂੰ ਡਰਾਇਆ ਧਮਕਾਇਆ ਅਤੇ ਕਹਿਆ ਐ ਸੀਤਾ, ਤੂੰ ਇਕ ਵੇਰੀ ਮੇਰੀ ਵਲ ਵੇਖ ਤੇ ਸਹੀ । ਮੈਂ ਆਪਣੀਆਂ ਪਹਿਲੀਆਂ ਸਾਰੀਆਂ ਰਾਣੀਆਂ ਤੇਰੀਆਂ ਦਾਸੀਆਂ ਬਣਾ ਕੇ ਤੈਨੂੰ ਪਟਰਾਨੀ ਬਣਾ ਦਿਆਂਗਾ । ਮਾਤਾ ਜੀ ਇਕ ਤਿਨਕੇ ਦੀ ਆੜ ਰਖ ਬੋਲੇ, ਅਰੇ ਦੁਸ਼ਟ ! ਤੈਨੂੰ ਸ੍ਰੀ ਰਘੂਨਾਥ ਜੀ ਦੇ ਬਾਣਾਂ ਦਾ ਪਤਾ ਨਹੀ ? ਅਰੇ ਪਾਪੀ ਤੈਨੂੰ ਬੇਗਾਨੀ ਇਸਤਰੀ ਨੂੰ ਕਪਟ ਨਾਲ ਹਰਣ ਕਰ ਕੇ ਲਿਆਉਣ ਕਾਰਨ ਨਿਆਇਕਾਰੀ ਕਉਣ ਕਹੇਗਾ ? ਅਰੇ ਮੂੜ੍ਹ, ਮੁਰਾਧ ਤੈਨੂੰ ਸ਼ਰਮ ਨਹੀ ਆਉਂਦੀ । ਅਰੇ ਮੂਰਖ ਇਹ ਸਰੀਰ ਸ੍ਰੀ ਰਘੁਨਾਥ ਜੀ ਦੀ ਅਮਾਨਤ ਹੈ, ਉਹ ਆਪ ਹੀ ਮੇਰੀ ਰਖਿਆ ਕਰਨਗੇ । ਅਪਣੀ ਹੱਤਕ ਅਤੇ ਨਿਰਾਦਰੀ ਸਮਝ ਕੇ ਰਾਵਨ ਮਾਤਾ ਜੀ ਨੂੰ ਤਲਵਾਰ ਨਾਲ ਮਾਰਨ ਨੂੰ ਪਇਆ ਪਰ ਮੰਦੋਦਰੀ ਦੇ ਸਮਝਾਉਣ ਤੇ ਮਸਾਂ ਰੁਕਿਆ । ਗੁੱਸੇ ਵਿਚ ਨਾਲ ਪੀਲਾਂ ਹੁੰਦਾ ਹੋਇਆ ਮਾਤਾ ਜੀ ਨੂੰ ਸੋਚਣ ਲਈ ਇਕ ਮਹੀਨੇ ਦੀ ਮੁਹਲਤ ਦੇ ਕੇ ਇਸਤਰੀਆਂ ਸਹਿਤ ਚਲਾ ਗਿਆ

ਮਾਤਾ ਜੀ ਸ੍ਰੀ ਰਾਮ ਚੰਦ੍ਰ ਜੀ ਦੇ ਵਿਜੋਗ ਵਿਚ ਰੋਣ ਲਗ ਪਏ । ਸ੍ਰੀ ਹਨੂਮਾਨ ਜੀ ਨੇ ਮੁਨਾਸਬ ਸਮਾਂ ਵਿਚਾਰ ਕੇ ਬ੍ਰਿਖ ਦੇ ਉਤੋਂ ਹੀ ਸ੍ਰੀ ਰਾਮ ਚੰਦ੍ਰ ਜੀ ਦੀ ਭੇਜੀ ਹੋਈ ਨਿਸ਼ਾਨੀ ਅੰਗੂਠੀ ਮਾਤਾ ਜੀ ਦੇ ਕੋਲ ਕਰ ਕੇ ਸੁੱਟ ਦਿਤੀ । ਹੀਰੇ ਵਾਂਗੂ ਚਮਕਦੀ ਹੋਈ ਅੰਗੂਠੀ ਨੂੰ ਫੜ ਕੇ ਮਾਤਾ ਜੀ ਨੇ ਝਟ ਪਹਿਚਾਨ ਲਈ ਕਿ ਇਹ ਤਾਂ ਮੇਰੇ ਸੁਆਮੀ ਸ੍ਰੀ ਰਘੁਨਾਥ ਜੀ ਦੀ ਹੈ, ਹੈਰਾਨ ਹੋਏ ਕਿ ਇਹ ਕਉਣ ਲਿਆਇਆ ਹੈ ? ਸ੍ਰੀ ਹਨੂਮਾਨ ਜੀ ਨੇ ਬ੍ਰਿਖ ਤੇ ਬੈਠੇ ਹੀ ਸਾਰੀ ਕਥਾ ਸੁਣਾ ਦਿੱਤੀ ਅਤੇ ਫਿਰ ਸ੍ਰੀ ਰਾਮ ਚੰਦ੍ਰ ਦੇ ਗੁਣ ਗਾਉਣ ਲਗ ਪਏ । ਮਾਤਾ ਜੀ ਦੇ ਕਹਿਣ ਤੇ ਦਰਖਤ ਤੋਂ ਥਲੇ ਉਤਰੇ ਇਕ ਬੰਦਰ ਨੂੰ ਵੇਖ ਕੇ ਮਾਤਾ ਜੀ ਨੂੰ ਕੁਝ ਸ਼ਕ ਪਿਆ ! ਸ੍ਰੀ ਹਨੂਮਾਨ ਜੀ ਨੇ

ਤਸੱਲੀ ਦਿੰਦਿਆਂ ਕਹਿਆ, "ਮਾਤਾ ਜੀ, ਮੈਂ ਸ੍ਰੀ ਰਾਮ ਚੰਦ੍ਰ ਜੀ ਦੀ ਸਹੁੰ ਖਾ ਕੇ ਆਖਦਾ ਹਾਂ ਕਿ ਮੈਂ ਸ੍ਰੀ ਰਾਮ ਚੰਦ੍ਰ ਜੀ ਦਾ ਭੇਜਿਆ ਹੋਇਆ ਦੂਤ ਹਾਂ" ਫਿਰ ਹਨੂਮਾਨ ਜੀ ਨੇ ਸ੍ਰੀ ਰਾਮ ਚੰਦ੍ਰ ਜੀ ਦੇ ਬੰਦਰਾਂ ਨਾਲ ਮੇਲ ਦੀ ਸਾਰੀ ਕਥਾ ਸੁਣਾਈ ਸੁਣ ਕੇ ਮਾਤਾ ਜੀ ਨੂੰ ਕੁਝ ਢਾਰਸ ਹੋਈ। ਦੁਖੀ ਹਿਰਦੇ ਨਾਲ ਬੋਲੇ, "ਹੇ ਪੁੱਤ੍ਰ ਹਨੂਮਾਨ, ਤੇਰਾ ਭਲਾ ਹੋਵੇ, ਤੂੰ ਮੈਨੂੰ ਗ਼ਮ ਦੇ ਸਮੁੰਦ੍ਰ ਵਿਚ ਗੋਤੇ ਖਾਂਦਿਆਂ ਨੂੰ ਆਣ ਬਚਾਇਆ ਹੈ, ਤੂੰ ਮੈਨੂੰ ਇਹ ਤਾਂ ਦਸ ਕਿ ਸ੍ਰੀ ਰਘੁਵੀਰ ਜੀ ਮੇਰੀ ਬਹੁੜੀ ਕਿਉਂ ਨਹੀਂ ਕਰਦੇ? ਉਹ ਹਲੀਂ ਤਕ ਆਪ ਕਿਉਂ ਨਹੀਂ ਆਏ?" ਮਾਤਾ ਜੀ ਇੰਨਾ ਕਹਿੰਦਿਆਂ ਜ਼ਾਰ ਜ਼ਾਰ ਰੋਣ ਲਗ ਪਏ। ਸ੍ਰੀ ਹਨੂਮਾਨ ਜੀ ਨੇ ਧੀਰਜ ਦਿੰਦਿਆਂ ਕਹਿਆ, "ਮਾਤਾ ਜੀ, ਸ੍ਰੀ ਰਾਮ ਚੰਦ੍ਰ ਜੀ ਨੇ ਮੈਨੂੰ ਆਪ ਜੀ ਦਾ ਪਤਾ ਲਗਾਉਣ ਵਾਸਤੇ ਭੇਜਿਆ ਹੈ, ਹੁਣ ਜਦੋਂ ਮੈਂ ਵਾਪਸ ਜਾਵਾਂਗਾ ਤੁਸੀ ਸਮਝੋ ਕਿ ਫਿਰ ਆਪ ਆਏ ਕਿ ਆਏ

ਫਿਰ ਮਾਤਾ ਜੀ ਨੇ ਸਿਸਕੀਆਂ ਲੈਂਦਿਆ ਕਹਿਆ ਹੇ ਪੁੱਤ੍ਰ

ਗੁਣਵੰਤ ਨਾਹ ਦਇਆਲੁ ਬਾਲਾ
ਸਰਬ ਗੁਣ ਭਰਪੂਰਏ।
ਪਿਰੁ ਦੋਸੁ ਨਾਹੀ ਸੁਖਹ ਦਾਤੇ
ਹਉ ਵਿਛੁੜੀ ਬੁਰਿਆਰੇ।

ਹੇ ਪੁੱਤ੍ਰ ਹਨੂਮਾਨ ਮੰਞੂ ਕੁਚਜੀ ਅੰਮਾਵਣਿ ਡੋਸੜੇ।

ਹੇ ਪੁੱਤ੍ਰ ਮੈਂ ਕੀ ਆਖਾਂ?

ਕੈਸੇ ਕਹਉ ਮੋਹਿ ਜੀਅ ਬੇਦਨਾਈ ॥
ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ
ਮਨੁ ਨ ਰਹੈ ਬਹੁ ਬਿਧਿ ਉਮਕਾਈ ॥ ਰਹਾਉ ॥
ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ,
ਕਦਿ ਪਾਵਉ ਹਰਿ ਦਰਸਾਈ ॥
ਜਤਨ ਕਰਉ ਇਹੁ ਮਨੁ ਨਹੀਂ ਧੀਰੈ

ਹੇ ਹਨੂਮਾਨ ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ, ਬਿਰਹੀ ਨ ਧੀਰੋਦਿ ॥

ਹੇ ਪੁੱਤ੍ਰ ਮੈਂ ਆਖ ਨਹੀ ਸਕਦੀ
ਮਨ ਕੀ ਬਿਰਥਾ ਮਨ ਹੀ ਜਾਣੈ, ਅਵਰ ਕਿ ਜਾਣੈ ਕੋ ਪੀਰ ਪਰਈਆ ॥

Sri Satguru Jagjit Singh Ji Elibrary NamdhariElibrary@gmail.com

ਹੇ ਪੁੱਤ੍ਰ ਮੈਂ ਬਹੁਤਾ ਬੋਲ ਨਹੀ ਸਕਦੀ, ਨ ਸਰੀਰ ਹੀ ਸਾਥ ਦਿੰਦਾ ਹੈ ਅਤੇ ਨ ਹੀ ਜ਼ਬਾਨ। ਹੇ ਪੁੱਤ੍ਰ, ਮੈਨੂੰ ਭਾਵੇਂ ਕੋਈ ਕੁਝ ਆਖੇ ਪਰ ਮੈਂ ਸ੍ਰੀ ਸ੍ਰੀ ਰਘੁਵੀਰ ਜੀ ਦਾ ਅਨਾਦਰ ਸੁਣ ਨਹੀ ਸਕਦੀ। ਰਾਵਨ ਮੈਨੇ ਬਹੁਤ ਡਰਾਂਉਦਾ ਹੈ ਧਮਕਾਉਂਦਾ ਹੈ ਮੈਂ ਪਰਵਾਹ ਨਹੀਂ ਕਰਦੀ ਪਰ ਜਦੋਂ ਸ੍ਰੀ ਰਘੁਵੀਰ ਜੀ ਦੀ ਸ਼ਾਨ ਵਿਚ ਕੁਝ ਬੋਲਦਾ ਹੈ ਤਾਂ ਕਲੇਜਾ ਫੱਟ ਜਾਂਦਾ ਹੈ ਅਤੇ ਦਿਲ ਕਰਦਾ ਹੈ ਕਿ ਸਰੀਰ ਛੱਡ ਦਿਆਂ ਜਤਨ ਵੀ ਕਰਦੀ ਹਾਂ ਕਿ ਸਰੀਰ ਛਡਾਂ ਪਰ ਉਹ ਸਰੀਰ ਵਿਚੋਂ ਪਰਾਨ ਵੀ ਨਹੀਂ ਨਿਕਲਦੇ, ਤੇਰੇ ਆਉਣ ਤੋਂ ਕੁਝ ਚਿਰ ਪਹਿਲੋਂ ਅਗ ਵਿਚ ਸੜਨ ਦੀ ਸਲਾਹ ਕੀਤੀ ਸੀ ਪਰ ਹਾਏ! ਮੈਂ ਅਭਾਗਣ ਨੂੰ ਅਗ ਵੀ ਨ ਮਿਲ ਸਕੀ! ਸ਼ਾਇਦ ਵਿਧਾਤਾ ਵੀ ਮੇਰੇ ਤੇ ਕਰੋਪ ਹੋ ਗਿਆ ਹੈ। ਇੰਨਾ ਕਹਿੰਦਿਆਂ ਮਾਤਾ ਜੀ ਦੇ ਨੇਤ੍ਰਾਂ ਵਿਚੋਂ ਛਮ ਛਮ ਅਥਰੂ ਡਿੱਗਣ ਲਗ ਪਏ। ਕੁਝ ਸੰਭਲਦਿਆਂ ਬੋਲੇ, "ਹੇ ਪੁੱਤ੍ਰ, ਹੁਣ ਮੇਰਾ ਕੋਈ ਚਾਰਾ ਨਹੀਂ, ਹੁਣ ਤਾਂ ਸ੍ਰੀ ਰਘੁਵੀਰ ਜੀ ਆਪ ਹੀ ਬਹੁੜੀ ਕਰਨ ਅਤੇ ਮੇਰੀ ਬਿਪਤਾ ਦੂਰ ਕਰਨ। ਹੇ ਹਨੂਮਾਨ ਤੇਰੇ ਆਉਣ ਨਾਲ ਮੈਨੂੰ ਕੁਝ ਧੀਰਜ ਹੋਈ ਸੀ, ਹੁਣ ਤੇਰੇ ਜਾਣ ਤੇ ਮੇਰੇ ਵਾਸਤੇ ਫਿਰ ਅੰਧੇਰੀ ਰਾਤ.

ਹੇ ਪੁੱਤ੍ਰ। ਇਸ ਭਾਗ ਹੀਣ ਦਾਸੀ ਵਲੋਂ ਸ੍ਰੀ ਰਘੁਵੀਰ ਜੀ ਦੇ ਚਰਣਕਮਲਾਂ ਤੇ ਪ੍ਰੇਮ ਸਹਿਤ ਨਮਸਕਾਰ ਕਰੀਂ ਅਤੇ
ਇਤਨਾ ਸੰਦੇਸਾ ਮੇਰਾ ਮੋਹਨ ਜੀ ਸੀ ਕਹਿਣ

ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ।
ਮਨੁ ਨ ਰਹੈ, ਕੈਸੇ ਮਿਲਉ ਪਿਆਰੇ।
ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ।
ਦਰਸਨ ਕੀ ਮਨਿ ਆਸ ਘਨੇਰੀ।

ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ

ਭੂਲ ਛਿਮੋ ਹਮਰੀ ਪ੍ਰਭ ਆਪ
ਨ ਭੂਲਨਹਾਰ ਕਹੂੰ ਕੋਊ ਮੋ ਸੋ

ਵਿਛੋੜਾ ਤਾਂ ਕਿਸੇ ਮਿਤ੍ਰ ਜਾਂ ਕਿਸੇ ਸਨੇਹੀ ਦਾ ਵੀ ਨਹੀਂ ਭੁਲਦਾ ਪਰ ਨਾਮਧਾਰੀਆਂ ਨੂੰ ਤਾਂ ਆਪਣੇ ਉਸ ਪ੍ਰੀਤਮ ਸਤਿਗੁਰੂ ਜੀ ਦਾ ਵਿਛੋੜਾ ਸੀ ਜਿਸ ਨੇ ਜੀਵਨ ਜਾਚ ਦੱਸੀ ਸੀ, ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁਕੀ ਸਿਖੀ ਨੂੰ ਸੁਰਜੀਤ ਕੀਤਾ ਸੀ, ਜਿਸ ਨੇ ਸਮਾਜ ਦੇ ਭਲੇ ਵਾਸਤੇ ਖਰਚੀਲੇ ਅਡੰਬਰ ਤਿਆਗ ਕੇ ਅਨੰਦ ਕਾਰਜ ਦੀ ਸਾਦਾ ਰਸਮ ਚਾਲੂ ਕੀਤੀ ਸੀ, ਜਿਸ ਨੇ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾ ਕੇ ਮਰਦਾਂ ਸਮਾਨ ਭਜਨ ਕਰਨ ਅਤੇ ਬਾਣੀ ਪੜ੍ਹਨ ਦੀ ਜਾਚ ਦੱਸੀ ਸੀ, ਜਿਸ ਨੇ ਕੁੜੀਆਂ ਮਾਰਨੀਆਂ ਅਥਵਾ ਕੁੜੀਆਂ ਵੇਚਣੀਆਂ ਬੰਦ ਕੀਤੀਆਂ ਸਨ, ਜਿਸ ਨੇ ਸਿਖਾਂ ਨੂੰ ਦੇਵੀ ਦੇਵਤਿਆਂ ਦੀ ਪੂਜਾ ਤਿਆਗ ਕੇ ਇਕ ਅਕਾਲ ਪੁਰਖ ਦੇ ਸਿਮਰਨ ਵਲ ਲਾਇਆ ਸੀ, ਜਿਸ ਨੇ ਅੰਗਰੇਜ਼ੀ ਰਾਜ ਵਿਚ ਇਕ ਸਾਂਵੀ ਹਕੂਮਤ (PARALLEL GOVERNMENT) ਚਲਾਈ ਸੀ। ਜਿਸ ਨੇ ਅੰਗਰੇਜ਼ਾਂ ਨੂੰ ਆਪਣੇ ਦੇਸ ਵਿਚੋਂ ਕਢਣ ਲਈ ਸਿਖਾਂ ਨੂੰ ਉਭਾਰਿਆ ਸੀ। ਜਿਸ ਨੇ ਬਦੇਸੀ ਚੀਜ਼ਾਂ ਦੀ ਥਾਂ ਸੁਦੇਸੀ ਚੀਜ਼ਾਂ ਦੇ ਵਰਤਣ ਦਾ ਪਰਚਾਰ ਕੀਤਾ ਸੀ। ਜਿਸ ਦੇ ਸਿਖਾਂ ਨੇ ਸਿਖੀ ਅਣਖ ਖਾਤਰ, ਗਊ ਘਾਤ ਨ ਸਹਾਰਦਿਆਂ ਹੋਇਆਂ ਅੰਗਰੇਜ਼ਾਂ ਦੇ ਪਿਠੂਆਂ ਨੂੰ ਸੋਧ ਕੇ ਹਸਦਿਆਂ ਹਸਦਿਆਂ ਸ਼ਹੀਦੀਆਂ ਪਰਾਪਤ ਕੀਤੀਆਂ ਸਨ ਅਤੇ ਜੋ ਹੁਣ ਧਰਮ ਦੀ ਸਥਾਪਨਾ ਖਾਤਰ ਅੰਗਰੇਜ਼ਾਂ ਦੇ ਬਹਾਨੇ ਪ੍ਰਦੇਸ ਚਲੇ ਗਏ ਸਨ। ਦਸੋ ਐਸੇ ਸਤਿਗੁਰ ਜੀ ਦਾ ਵਿਛੋੜਾ ਕਿਵੇਂ ਭੁਲ ਸਕਦਾ ਸੀ? ਸਤਿਗੁਰੂ ਜੀ ਦੇ ਵਿਛੋੜੇ ਤੋਂ ਦੁਖੀ ਹੋ ਕੇ ਇਕ ਕਵੀ ਜੀਤ ਜੀ ਲਿਖਦੇ ਹਨ

ਕੋਇਲ ਦੀ ਕੂ ਕੂ ਦਿਲ ਮੇਰੇ ਨੂੰ, ਘਾਇਲ ਕਰਦੀ ਜਾਂਦੀ ਹੈ।
ਤੇਰੇ ਬਿਨ ਲੇਫ ਤਲਾਈਆਂ ਦੀ, ਸੇਜਾ ਪਈ ਵੱਢ ਵੱਢ ਖਾਂਦੀ ਹੈ
ਰੁੱਤ ਸੋਹਣੀ ਹਾਰ ਸ਼ਿੰਗਾਰਾਂ ਦੀ, ਬਿਨ ਤੇਰੇ ਜੀ ਤੜਫਾਂਦੀ ਹੈ
ਘਨਘੋਰ ਘਟਾ ਮਨਮੋਹਣੀ ਇਹ, ਸੋਂਹਦੀ ਨਹੀਂ ਸਗੋਂ ਡਰਾਂਦੀ ਹੈ
ਜਾਣੇ ਕੋਈ ਕਦਰ ਵਿਛੋੜੇ ਦੀ, ਕੀ ਜਾਨਣ ਜਣੀਆਂ ਖਣੀਆਂ ਨੇ
ਸਾਵਣ ਨੇ ਸਾਵਣ ਬਣਨਾ ਕੀ, ਅਜ ਅੱਖੀਆਂ ਸਾਵਣ ਬਣੀਆਂ ਨੇ

ਸੰਤ ਨਿਹਾਲ ਸਿੰਘ ਜੀ ਲਿਖਦੇ ਹਨ

ਫਗਣ ਫੇਰ ਕਦੀ ਆਵੀਂ, ਮੁਖ ਆਪਣਾ ਵਿਖਾਵੀਂ,
ਰਤਾ ਚੈਨ ਨਹੀਂ ਆਵੈ, ਤੇਰੀ ਸੰਗਤ ਕਰਨਾਂਵਦੀ।
ਬੁਰਾ ਯਾਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,
ਦਿਨੇ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ, ਪੁਛੋ [illegible] ਗਲ ਵਿਚ ਵਾਲ,
ਫਿਰ ਥਕੀ ਢੂੰਡ ਭਾਲ, ਨੈਣੀ ਨੀਂਦ ਨਹੀਂ ਆਂਵਦੀ।

ਸਤਿਗੁਰੂ ਜੀ ਦੇ ਵਿਛੋੜੇ ਵਿਚ ਬੀਬੀ ਕ੍ਰਿਸ਼ਨ ਜੀ ਲਿਖਦੇ ਹਨ

ਐਸੇ ਮਾਰੇ ਵਿਛੋੜੇ ਦੇ ਤੀਰ ਪ੍ਰੀਤਮ
ਜਿੰਦ ਕੂੰਜ ਦੇ ਵਾਂਗ ਕੁਰਲਾਂਵਦੀ ਏ ।
ਤਾਰੇ ਗਿਣਦਿਆਂ ਰਾਤ ਬਤੀਤ ਹੁੰਦੀ
ਰੂਹ ਪ੍ਰੇਮ ਦੇ ਵਾਸਤੇ ਪਾਂਵਦੀ ਏ ।
ਦਿਲ ਸੌਣ ਦੇ ਬਦਲ ਵਾਂਗ ਫਿੱਸੇ
ਜਦੋਂ ਤੈਂਡੜੀ ਯਾਦ ਸਤਾਂਵਦੀ ਏ ।
ਸਰ ਆਖਦੇ ਪ੍ਰੇਮ ਦੇ ਕੁਠਿਆਂ ਨੂੰ
ਪਲ ਭਰ ਵੀ ਚੈਨ ਨ ਆਂਵਦੀ ਏ ।

ਮਾਸਟਰ ਅਜੀਤ ਸਿੰਘ ਜੀ ਲਿਖਦੇ ਹਨ

ਅਖਾਂ ਸਾਮ੍ਹਣੇ ਜਿਦ੍ਹਾ ਮਹਿਬੂਬ ਤੁਰ ਜਾਏ, ਉਹਦੀ ਹਾਲਤ ਨੂੰ ਓਹੋ ਹੀ ਜਾਣਦੀ ਏ ।
ਲਹਿਰਾਂ ਵਿਚ ਉਸਨੂੰ ਮਨਜ਼ਲ ਦਿਸਦੀ ਏ, ਨ ਉਹ ਕੱਚਾ ਨ ਪੱਕਾ ਪਛਾਣਦੀ ਏ ।
ਉਹ ਤਾਂ ਕੌਰਿਆਂ ਭੌਰਿਆਂ ਵਾਂਗ ਫਿਰਦੀ, ਖਾਕ ਗਲੀਆਂ ਬਜ਼ਾਰਾਂ ਦੀ ਛਾਣਦੀ ਏ ।
ਜੁਲਫਾਂ ਨਾਗ ਬਣਕੇ ਉਹਨੂੰ ਡੰਗ ਮਾਰਨ, ਨਾਜ਼ਾਂ ਨਖਰਿਆਂ ਨੂੰ ਧੋਖਾ ਜਾਣਦੀ ਏ ।

ਸ੍ਰੀ ਸਤਿਗੁਰੂ ਜੀ ਦੇ ਵਿਛੋੜੇ ਵਿਚ ਸ੍ਰੀ ਗੁਰੂ ਅਮਰ ਦਾਸ ਜੀ ਲਿਖਦੇ ਹਨ

**ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣ ਧੂੜਿ ਲੁਤੇ ।**
**ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ**

ਸਤਿਗੁਰੂ ਜੀ ਤੋਂ ਬਿਨਾ ਸਿਖਾਂ ਨੂੰ ਚਾਰ ਪਾਸੇ ਹਨੇਰਾ ਹੀ ਹਨੇਰਾ ਦਿਸਦਾ ਸੀ । ਸ: ਪਿਆਰਾ ਸਿੰਘ ਜੀ ਲਿਖਦੇ ਹਨ

ਸਾਨੂੰ ਸਤਿਗੁਰੂ ਬਾਝ ਹਨੇਰਾ
ਚੰਦ ਭਾਵੇਂ ਨਿਤ ਚੜ੍ਹਦਾ
ਨਹੀ ਭੁਲਨਾ ਵਿਛੋੜਾ ਤੇਰਾ
ਸਭ ਦੁਖ ਭੁਲ ਜਾਣਗਾ

ਸੰਤ ਬਲਬੀਰ ਸਿੰਘ ਜੀ ਲਿਖਦੇ ਹਨ

ਦਿਲ ਰੋਂਦਾ ਤੇ ਅਖਾਂ ਰੋਵਨ, ਹੰਝੂ ਰੋਰੋ ਵਗਦੇ ।
ਪਿਆਰ ਰੋਵੇ ਤੇ ਯਾਦਾਂ ਰਿਲਕਣ, ਜਿਉਂ ਅੰਗਿਆਰੇ ਅੱਗਦੇ ।
ਗਗਨ, ਪਤਾਲ, ਪਸ਼ੂ ਤੇ ਪੰਛੀ ਰੁਲ ਰੁਲ ਪੈਂਦੇ ਸਾਰੇ ।
ਕਿਧਰ ਗਿਓਂ ਪੀਆ ਰੋਂਦਿਆਂ ਛਡਕੇ, ਨੈਣ ਫਿਰਨ ਪਏ ਲੱਭਦੇ ।

ਅੰਗਰੇਜ਼ੀ ਸਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਕੇ ਵੀ ਸੰਤੁਸ਼ਟ ਨਹੀਂ ਸੀ ਹੋਈ। ਉਸਨੇ ਸਾਰੇ ਨਾਮਧਾਰੀ ਪੰਥ ਨੂੰ ਹੀ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਨਾਮਧਾਰੀਆਂ ਵਾਸਤੇ 144 ਦਫਾ ਲਾਗੂ ਕੀਤੀ ਗਈ ਸੀ। ਪੰਜ ਸਿਖ ਇਕੱਠੇ ਨਹੀਂ ਸਨ ਹੋ ਸਕਦੇ। ਕੋਈ ਦੀਵਾਨ ਨਹੀਂ ਸਨ ਲਾ ਸਕਦੇ। ਕੋਈ ਅਖੰਡ ਪਾਠ ਨਹੀਂ ਸਨ ਕਰ ਸਕਦੇ। ਹਰ ਨਾਮਧਾਰੀ ਨੂੰ ਅਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਲਈ ਜਾਣ ਵਾਸਤੇ ਅਪਣੇ ਹਲਕੇ ਦੇ ਥਾਣੇਦਾਰ ਕੋਲੋਂ ਲਿਖਤੀ ਮਨਜ਼ੂਰੀ ਲੈਣੀ ਪੈਂਦੀ ਸੀ ਅਤੇ ਫਿਰ ਰਿਸ਼ਤੇਦਾਰ ਦੇ ਪਿੰਡ ਜਾ ਕੇ ਉਥੋਂ ਦੇ ਥਾਣੇਦਾਰ ਨੂੰ ਇਤਲਾਹ ਦੇਣੀ ਪੈਂਦੀ ਸੀ। ਸ੍ਰੀ ਭੈਣੀ ਸਾਹਿਬ ਦੇ ਗੁਰਦਵਾਰੇ ਦੇ ਦਰਵਾਜ਼ੇ ਅਗੇ ਪੋਲੀਸ ਦੀ ਚੌਂਕੀ ਬੈਠਾਈ ਸੀ। ਪੰਜਾਂ ਸਿਖਾਂ ਤੋਂ ਵਧ ਅੰਦਰ ਨਹੀਂ ਸਨ ਜਾ ਸਕਦੇ ਭਾਵ ਕਿ ਸਰਕਾਰ ਵਲੋਂ ਬੜੀ ਸਖਤੀ ਕੀਤੀ ਜਾ ਰਹੀ ਸੀ। ਨਾਮਧਾਰੀਆਂ ਵਾਸਤੇ ਇਹ ਦੁਖ ਇਨੇ ਦੁਖਦਾਈ ਨਹੀਂ ਸਨ ਜਿੰਨਾ ਕਿ ਸ੍ਰੀ ਸਤਿਗੁਰੂ ਜੀ ਦੇ ਵਿਛੋੜੇ ਦਾ ਦੁੱਖ ਸੀ ਉਨ੍ਹਾਂ ਵਾਸਤੇ

## ਨਹੀਂ ਭੁਲਣਾ ਵਿਛੋੜਾ ਤੇਰਾ, ਸਭ ਦੁਖ ਭੁਲ ਜਾਣਗੇ

ਭਾਵੇਂ ਸਤਿਗੁਰੂ ਜੀ ਨੂੰ ਕੋਈ ਕਿਤਲੇ ਨਹੀਂ ਲੈ ਜਾ ਸਕਦਾ ਸੀ ਪਰ ਪਰਤੱਖ ਦਰਸ਼ਨ ਨ ਹੋਣ ਕਾਰਨ ਸੰਗਤ ਬੜੀ ਅਧੀਰ ਰਹਿੰਦੀ ਸੀ। ਭਾਵੇਂ ਗੁਪਤ ਭਾਲ ਹੋ ਰਹੀ ਸੀ ਪਰ ਇਹ ਪਤਾ ਨਹੀਂ ਸੀ ਲਗ ਸਕਿਆ ਕਿ ਪਰਾਗਰਾਜ ਤੋਂ ਅਗੇ ਸਤਿਗੁਰੂ ਜੀ ਕਿਥੇ ਗਏ ਹਨ? ਕੁਝ ਸਮਾਂ ਲੰਘ ਗਿਆ। ਨਾਮਧਾਰੀਆਂ ਨੇ ਗੁਝੇ ਤਰੀਕੇ ਨਾਲ ਆਪਣੇ ਆਪ ਨੂੰ ਸੰਭਾਲ ਲਿਆ। ਅਪਣੀ ਖੁਫ਼ੀਆ ਡਾਕ ਦਾ ਪਰਬੰਧ ਫਿਰ ਕਾਇਮ ਹੋ ਗਿਆ। ਨਵੇਂ ਰਸਤੇ ਸਿਖੇ ਗਏ। ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸਾਰਿਆਂ ਪਾਸੋਂ ਖਬਰਾਂ ਪਹੁੰਚਣ ਲਗ ਪਈਆਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਟਿਕਾਣੇ ਦੀ ਭਾਲ ਦਾ ਕੰਮ ਵੀ ਸ਼ੁਰੂ ਹੋ ਗਿਆ।

ਸ੍ਰੀ ਕਬੀਰ ਜੀ ਲਿਖਦੇ ਹਨ

**ਕਬੀਰ ਕੋਸੋ ਕੋਸੋ ਕੂਕੀਐ, ਨ ਸੋਈਐ ਅਸਾਰ**
**ਰਾਤਿ ਦਿਵਸ ਕੇ ਕੂਕਨੇ, ਕਬਹੂ ਕੇ ਸੁਨੈ ਪੁਕਾਰ**

ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਸੰਗਤ ਦੀਆਂ ਗੁਪਤ ਪ੍ਰਗਟ ਅਰਦਾਸਾਂ ਸੁਣ ਕੇ ਬਿਧ ਬਣਾ ਦਿੱਤੀ। ਇਹ ਬਿਧ ਸਰਦਾਰ ਦਰਬਾਰਾ ਸਿੰਘ ਜੀ ਰਾਹੀਂ ਬਣੀ। ਸ: ਦਰਬਾਰ ਸਿੰਘ ਜੀ ਇਕ ਅਣਖੀਲੇ ਸਰਦਾਰ ਸਨ। ਇਹ ਪਿੰਡ ਰਾਏਪੁਰ ਜ਼ਿਲਾ ਲੁਧਿਆਣੇ ਦੇ ਨੰਬਰਦਾਰ ਸਨ (Headman) ਅਤੇ ਗੁਰਦਵਾਲ ਖਾਨਦਾਨ

ਵਿਚੋਂ ਸਨ । ਪਹਿਲਾਂ ਤਾਂ ਦੂਜੇ ਸਰਦਾਰਾਂ ਵਾਂਗ ਹੀ ਮਾਸ ਖਾਣ
ਅਤੇ ਸ਼ਰਾਬ ਪੀਣ ਦੇ ਆਦੀ ਸਨ ਪਰ ਜਦੋਂ ਸਤਿਗੁਰੂ ਜੀ ਨੇ ਕਿਰਪਾ ਕੀਤੀ ਤਾਂ ਸਭ ਅਭੱਖ
ਚੀਜ਼ਾਂ ਦਾ ਤਿਆਗ ਕਰ ਦਿੱਤਾ ਅਤੇ ਇਕ ਪੱਕੇ ਨਾਮਧਾਰੀ ਬਣ ਗਏ । ਇਨ੍ਹਾਂ ਦੀ ਸਰਕਾਰੀ
ਹਲਕੇ ਵਿਚ ਵੀ ਕਾਫੀ ਪਹੁੰਚ ਸੀ । ਇਹ ਨਿਡਰ ਇੰਨੇ ਸਨ ਕਿ ਨਾਮਧਾਰੀਆਂ ਦੇ ਕੱਟੜ
ਦੁਸ਼ਮਣ ਪੁਲੀਸ ਕਪਤਾਨ ਬਾਰਬਟਨ ਨੂੰ ਵੀ ਕਈ ਵਾਰ ਖਰੀਆਂ ਖਰੀਆਂ ਸੁਣਾ
ਆਉਂਦੇ ਸਨ । ਹੋਰ ਵੀ ਵੱਡੇ ਵੱਡੇ ਹਾਕਮਾਂ ਅਤੇ ਅਫਸਰਾਂ ਨਾਲ ਜਾਣ ਪਹਿਚਾਣ
ਚੰਗੀ ਸੀ । ਗੁਰਦਵਾਰਾ ਸ੍ਰੀ ਭੈਣੀ ਸਾਹਿਬ ਵਾਸਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ
ਵਲੋਂ ਸਰਕਾਰੀ ਕੰਮਾਂ ਲਈ ਇਹ ਹੀ ਕਾਰ ਮੁਖਤਿਆਰ ਸਨ ।

ਸਤਿਗੁਰੂ ਜੀ ਦੇ ਪ੍ਰਦੇਸ਼ ਜਾਣ ਤੋਂ ਤਕਰੀਬਨ ਤਿੰਨ ਸਾਲ ਪਿਛੋਂ ਇਕ ਦਿਨ
ਇਹ ਬਾਬਾ ਜੀ ਕਿਸੇ ਸਰਕਾਰੀ ਕੰਮ ਲਈ ਪੁਲੀਸ ਕਪਤਾਨ ਬਾਰਬਟਨ ਦੇ ਬੰਗਲੇ
ਗਏ । ਉਥੇ ਗੱਲਾਂ ਬਾਤਾਂ ਦੌਰਾਨ ਬਾਰਬਟਨ ਨੇ ਪੁਛਿਆ ਬਾਬਾ ਜੀ ਕੀ ਤੁਮੀ
ਕੂਕੇ ਹੋ ਅਤੇ ਬਾਬੇ ਰਾਮ ਸਿੰਘ ਕੋ ਜਾਣਤੇ ਹੋ ? ਆਪ ਕੋ ਪਤਾ ਹੈ ਕਿ ਉਹ ਅਜ
ਕਲ ਕਿੱਥੇ ਹਨ ? ਬਾਬਾ ਜੀ ਨੇ ਜਵਾਬ ਤੇ ਕੋਈ ਦਿੱਤਾ ਨਾ, ਪਰ ਸਤਿਗੁਰੂ
ਰਾਮ ਸਿੰਘ ਜੀ ਦਾ ਨਾਮ ਸੁਣਦਿਆਂ ਸਾਰ ਹੀ ਭੁੱਬਾਂ ਮਾਰ ਮਾਰ ਰੋਣ ਲੱਗ
ਪਏ । ਕੋਲ ਬੈਠਿਆਂ ਬਾਰ ਬਟਨ ਦੀ ਮੇਮ ਨੂੰ ਸਰਦਾਰ ਜੀ ਨੂੰ ਰੋਂਦਿਆਂ ਵੇਖ ਕੇ
ਤਰਸ ਆਇਆ ਅਤੇ ਬਾਰ ਬਟਨ ਦੇ ਘੂਰਦਿਆਂ ਘੂਰਦਿਆਂ ਵੀ ਦਸ ਦਿੱਤਾ
ਕਿ ਤੁਹਾਡੇ ਗੁਰੂ ਜੀ ਅਜਕਲ ਬਰਮਾ ਦੇਸ਼ ਦੀ ਰਾਜਧਾਨੀ ਰੰਗੂਨ ਵਿਚ
ਬਾਦਸ਼ਾਹ ਬਹਾਦਰ ਸ਼ਾਹ ਵਾਲੇ ਬੰਗਲੇ ਵਿਚ ਕੈਦ ਹਨ । ਬਾਰ ਬਟਨ ਦੀ
ਮੇਮ ਬਾਰੇ ਕਵਿ ਮੁਕੇਸ਼ ਨਿਰੰਜਨ ਸਿੰਘ ਜੀ ਲਿਖਦੇ ਹਨ

ਘਰ ਦੈਂਤ ਦੇ ਪੁਤ ਪ੍ਰਹਿਲਾਦ ਜਿਵੇਂ,
ਰਾਮ ਨਾਮ ਦਾ ਕਰਨ ਉਪਦੇਸ਼ ਆਈ ।
ਜਾਂ ਉਹ ਆਪ ਅਕਾਲ ਦੀ ਖੇਡ ਹੈ ਸੀ,
ਚੀਨੀ ਵਾਲੇ ਦਾ ਦੇਣ ਸੰਦੇਸ਼ ਆਈ ।
ਉਸ ਮੇਮ ਨੇ ਦਸਿਆ ਹਾਲ ਸਾਰਾ,
ਗਡੀ ਚੜ੍ਹ ਕਲਕਤੇ ਵਿਚ ਜਾਉ ਤੁਸੀਂ ।
ਉਥੋਂ ਬੈਠ ਜਹਾਜ਼ ਰੰਗੂਨ ਜਾਉ,
ਦਿਨ ਖਸਮ ਨੂੰ ਪੈਰ ਲਾਉ ਤੁਸੀਂ ।
ਬਾਰ ਬਟਨ ਸੁਣ ਬਾਤ ਹੈਰਾਨ ਹੋਇਆ
ਕਹਿੰਦਾ ਉਸ ਨੂੰ ਤੂੰ ਖਬਰਦਾਰ ਹੋ ਜਾ ।
ਕਿਸੇ ਜੁਰਮ ਕਾਰਨ ਨਜ਼ਰ ਬੰਦ ਕੀਤੇ
ਕਰ ਨੀਤ ਦੀ ਸਮਝ, ਤੇ ਮਾਹਰ ਹੋ ਜਾ ।

(ਮੇਮ ਵਲੋਂ ਜਵਾਬ) ਸਾਹਿਬ ਦਸਣਾ ਜਰਾ ਵਿਚਾਰ ਕਰ ਕੇ ।
ਕੀਤਾ ਕੈਦ ਮਸੀਹ ਯਹੂਦੀਆਂ ਜਦ, ਦੇਵੇ ਪਤਾ ਯਹੂਦੀ ਪਿਆਰ ਕਰਕੇ ।
ਸਦ ਯਸੂ ਦੇ ਕਿਸੇ ਮਰੀਦ ਤਾਈਂ, ਦੇਂਦਾ ਉਪਕਾਰ ਕਰ ਕੇ ।
ਹੁੰਦਾ ਉਸਦਾ ਪੁੰਨ ਜਾਂ ਪਾਪ ਕੋਈ, ਜਿਹੜਾ ਮੇਲ
... ਬਾਰਬਟਨ ਖਿਲ, ਨਾ ਜਵਾਬ ਹੋਇਆ ਸ਼ਰਮਸਾਰ ਕਰਕੇ ।

ਬਾਰ ਬਟਨ ਦੀ ਮੇਮ ਨੇ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਦੇ ਸ਼ਬਦਾਂ ਵਿਚ ਸੰਤ ਦਰਬਾਰਾ ਸਿੰਘ ਜੀ ਨੂੰ ਇਹ ਦਸ ਪਾਈ :-

ਬਰਮਾ ਦੇਸ਼ ਅੰਗਰੇਜ਼ ਦੀ ਰਾਜਧਾਨੀ ਪ੍ਰਸਿਧ । ਸ਼ਹਿਰ ਉਹ ਰੰਗੂਨ ਹੈ, ਕਲਕਤੇ ਤੋਂ ਸਿਧ ।
ਅਠ ਦਿਨ ਅਠ ਰਾਤ ਵਿਚ ਪੁਜੇ ਜਾਏ ਜਹਾਜ਼ । ਰਖੇ ਨੇ ਅੰਗਰੇਜ਼ ਨੇ, ਉਸ ਥਾਂ ਤੇ ਮਹਾਰਾਜ ।
ਜਿਸ ਬੰਗਲੇ ਵਿਚ ਰਿਹਾ ਸੀ ਦਿਲੀ ਦਾ ਬਾਦਸ਼ਾਹ । ਰਖੇ ਨੇ ਉਸੇ ਵਿਚ ਹੀ, ਤੁਸਾਂ ਦੇ ਪਾਤਸ਼ਾਹ ।
ਜਾਵੇ ਕਰੇ ਦੀਦਾਰ ਜਾ, ਜਣੇ ਨਾਲ ਖਿਆਲ । ਬਚਨਾਂ ਨ ਫਸ ਜਾਵਣ, ਕਿਸੇ ਦੀ ਵਿਚ ਚਾਲ ।
ਕੂਕਿਆਂ ਦਾ ਇਹ ਭੇਸ ਵੇਸ, ਦੇਣਾ ਸਭ ਉਤਾਰ । ਨਾਲ ਸਿਆਣਪ ਜਾ ਕਰੇ ਮੁਰਸ਼ਦ ਦਾ ਦੀਦਾਰ ।
ਬਘੀ ਤੇ ਅਸਵਾਰ ਹੋ, ਪੰਜ ਵਜੇ ਨਿਤ ਸ਼ਾਮ । ਉਹ ਕਰਨ ਸੈਰ ਤੇ ਜਾਂਦੇ, ਫਿਰਦੇ ਤੁਰਦੇ ਆਮ ।
ਪਹਿਰਾ ਬਹੁਤ ਸਖਤ ਹੈ, ਮਦਰਾਸੀ ਪੂਰਬੀਨ । ਕਿਸੇ ਪੰਜਾਬੀ ਸਿਖ ਤੇ ਕਰਦੇ ਨਹੀ ਯਕੀਨ ।
ਤੁਰਦੇ ਫਿਰਦੇ ਕਰ ਲਿਓ ਨਾਲ ਸੰਗਤ ਦੇ ਬਾਤ । ਤੁਰਨਾ ਨੀਵੀ ਨਜਰ ਕਰ ਉਨ੍ਹਾਂ ਨ ਪਾਣੀ ਝਾਤ

## ਸੋਇ ਸੁਣੰਦੜੀ ਮੇਰਾ ਮਨੁ ਤਨੁ ਮਉਲਾ

ਅਨੁਸਾਰ ਬਾਬਾ ਦਰਬਾਰਾ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਟਿਕਾਣੇ ਬਾਰੇ ਸੁਣ ਕੇ ਬੜੇ ਖੁਸ਼ ਹੋਏ । ਸ੍ਰੀ ਭੈਣੀ ਸਾਹਿਬ ਆਏ । ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸਾਰੀ ਗਲ ਦੱਸੀ । ਸਤਿਗੁਰੂ ਜੀ ਨੇ ਥਾਪੜਾ ਦੇ ਕੇ ਆਖਿਆ, ਭਾਈ ਤੂੰ ਹੀ ਰੰਗੂਨ ਜਾ, ਇਹ ਕੰਮ ਤੇਰੇ ਜੋਗਰਾ ਹੀ ਹੈ । ਸਤਿਗੁਰੂ ਜੀ ਨੇ ਕਹਿਆ

## ਬੇਗਿ ਮਿਲੀਜੈ ਅਪਨੇ ਰਾਮ ਪਿਆਰੇ

ਬਾਬਾ ਜੀ "ਉਮਾਕਿਓ ਹੀਓ, ਮਿਲਨ ਪ੍ਰਭ ਤਾਈ" ਅਨੁਸਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਆਸ਼ੀਰਵਾਦ ਲੈ ਕੇ ਜਾਣ ਦੀ ਤਿਆਰੀ ਕਰਨ ਲਗੇ । ਹੁਣ ਡਰ ਇਹ ਸੀ ਕਿ ਜੇ ਬਾਬਾ ਜੀ ਰੰਗੂਨ ਗਏ ਤਾਂ ਉਨ੍ਹਾਂ ਦੀ ਗੈਰ ਹਾਜਰੀ ਵਿਚ ਪੁਲੀਸ ਨੂੰ ਸ਼ਕ ਪੈ ਜਾਏਗਾ ਅਤੇ ਫਿਰ ਰਾਹ ਵਿਚ ਹੀ ਨ ਗਿਰਫਤਾਰ ਕਰ ਲਵੇ । ਬਾਬਾ ਜੀ ਨੇ ਵਿਉਂਤ ਇਹ ਬਣਾਈ ਕਿ ਉਹ ਅਪਣੇ ਭਾਈ ਕੋਲ ਪਟਿਆਲੇ ਚਲੇ ਗਏ ਅਤੇ ਹਕੀਮ ਕੋਲੋਂ ਇਕ ਨੁਸਖਾ ਲਿਖਵਾ ਲਿਆ ਕਿ ਦਵਾਈ ਦੇ ਵਰਤਣ ਦੌਰਾਨ ਚਾਲੀ ਦਿਨ ਸੂਰਜ ਨਹੀਂ ਵੇਖਣਾ । ਅਪਣੇ ਭਾਈ ਨੂੰ ਸਾਰੀ ਚਾਲ ਸਮਝਾ ਦਿੱਤੀ ਅਤੇ ਕਿਸੇ ਨੂੰ ਵੀ ਭੇਦ ਨ ਦੇਣ ਦੀ ਪੱਕੀ ਕੀਤੀ । ਕੁਝ ਦਿਨ ਅੰਦਰ ਹੀ ਰਹੇ । ਜੇ ਕੋਈ ਪੁਛਦਾ ਤਾਂ ਉਸਦਾ ਭਾਈ ਕਹਿ ਦਿੰਦਾ ਕਿ ਹਕੀਮ ਦੇ ਇਲਾਜ ਅਨੁਸਾਰ ਅੰਦਰ ਹੀ ਬੈਠੇ ਰਹਿੰਦੇ ਹਨ । ਫਿਰ ਵੀ ਜੇ ਕਿਸੇ ਨੂੰ ਸ਼ਕ ਪੈਂਦਾ ਅੰਦਰ ਜਾ ਕੇ ਵੇਖ ਆਉਂਦਾ । ਕੁਝ ਦਿਨ ਤਾਂ ਅੰਦਰ ਹੀ ਰਹੇ ਜਦੋਂ ਸਮਝਿਆ ਕਿ ਹੁਣ ਪੁੱਛ ਗਿੱਛ ਕੋਈ ਨਹੀ ਕਰਦਾ ਤਾਂ ਰੂਪ ਕੀਤਿਆਂ ਹੀ ਭੇਸ ਵਟਾ ਕੇ ਅੰਬਾਲੇ ਚਲੇ ਗਏ । ਅੰਬਾਲੇ ਤੋਂ ਗੱਡੀ ਰਾਹੀਂ ਕਲਕਤੇ ਪਹੁੰਚੇ ਅਤੇ ਫਿਰ ਜਹਾਜ਼ ਰਾਹੀਂ ਰੰਗੂਨ ਪਹੁੰਚੇ

## ਖੋਜਤ ਫਿਰਉ ਦੇਖਉ ਪ੍ਰਭ ਜਾਈ

Sri Satguru Jagjit Singh Ji Elibrary NamdhariElibrary@gmail.com

ਬਾਬਾ ਜੀ ਨੇ ਆਪਣਾ ਭੇਸ ਕੁਝ ਐਸਾ ਬਣਾਇਆ ਹੋਇਆ ਸੀ ਕਿ ਕੋਈ ਪਛਾਣ ਨਹੀਂ ਸੀ ਸਕਦਾ ਕਿ ਇਹ ਨਾਮਧਾਰੀ ਅਥਵਾ ਕੂਕੇ ਹਨ ਫਿਰ ਕਮਾਲ ਦੀ ਗੱਲ ਇਹ ਹੈ ਕਿ ਆਪਣੀ ਮਰਯਾਦਾ ਵਿਚ ਫ਼ਰਕ ਨਹੀਂ ਪੈਣ ਦਿੱਤਾ। ਕਿੰਨੇ ਦਿਨ ਅੰਨ ਪਾਣੀ ਵੀ ਨਹੀਂ ਛਕਿਆ ਸੀ। ਰੰਗੂਨ ਪਹੁੰਚ ਕੇ ਸਤਿਗੁਰੂ ਜੀ ਦੀ ਕਿਰਪਾ ਨਾਲ ਬੰਗਲੇ ਦਾ ਵੀ ਪਤਾ ਲਗ ਗਿਆ। ਭਾਵੇਂ ਪਹਿਰਾ ਬੜਾ ਸਖ਼ਤ ਸੀ ਪਰ ਫਿਰ ਵੀ ਚੋਰੀ ਛੁਪੇ ਸਤਿਗੁਰੂ ਜੀ ਦਾ ਦਰਸ਼ਨ ਕਰ ਹੀ ਲਿਆ

## ਦਰਸਨ ਦੇਖਤ ਦੋਖ ਨਸੇ

ਸਤਿਗੁਰੂ ਜੀ ਦਾ ਦਰਸ਼ਨ ਕਰ ਕੇ ਰਾਹ ਦਾ ਥਕੇਵਾਂ, ਦੁਖ ਭੁਖ ਤੇਹ ਸਭ ਦੂਰ ਹੋ ਗਏ

ਸੰਧਿਆ ਸਮਾ ਸੁਹਾਵਣਾ, ਬਣੀ ਸਾਜ ਸਮਾਜ।
ਸੈਰ ਕਰਨ ਨੂੰ ਹੀ ਨਿਕਲੇ, ਨਾਨੂੰ ਸਿੰਘ "ਮਹਾਰਾਜ"।
ਗੋਰਾ ਅਫਸਰ ਇਕ ਸੀ, ਸਤਿਗੁਰੂ ਜੀ ਦਾ ਦਾਸ।
ਸਿਖਾਂ ਵਾਂਗਰ ਉਸਦਾ, ਪੱਕਾ ਸੀ ਵਿਸ਼ਵਾਸ।
ਨਾਲ ਤੁਰੇ ਸਰਦਾਰ ਜੀ, ਰਜ ਕਰੀ ਅਰਦਾਸ।
ਸਾਰੀ ਦੱਸੀ ਵਿਥਿਆ, ਸ੍ਰੀ ਗੁਰੂ ਜੀ ਪਾਸ।

ਮਾਸਟਰ ਨਿਹਾਲ ਸਿੰਘ ਜੀ ਇਸ ਅਜਬ ਮਿਲਣੀ ਬਾਰੇ ਲਿਖਦੇ ਹਨ

ਜਾਂ ਡਿਗਾ ਧੜੰਮ ਕਰਦਾ ਚਰਨੀਂ।
ਗੰਗਾ ਜਮਨਾ ਚੜ੍ਹ ਚੜ੍ਹ ਆਈਆਂ।
ਜੱਫੀ ਵਿਚ ਲੈ ਲਿਆ
ਸੱਚੀ ਸਰਕਾਰ ਨੇ।
"ਓਹੋ, ਦਰਬਾਰਿਆ, ਬੜੀਆਂ
ਟਾਰ੍ਹਾਂ ਮਾਰਿਆ ਕਰਦੇ ਸੋ?
ਭਾਲ ਨ ਕੀਤੀ ਗਵਾਚੀ ਵੱਛੀ ਜਿੰਨੀ?
ਢੂੰਡਿਆ ਨ ਗਵਾਚੇ ਭੂਰੇ ਜਿੰਨਾ?

ਡੁੱਲ੍ਹ ਪਿਆ ਦਰਬਾਰ
ਜਿਸੁ ਤਨੁ ਲਾਗੈ ਸੋ ਤਨੁ ਜਾਣੈ
ਕੀ ਦਸੀਏ ਕੀ ਭਾਵਿਕਦੀ ਏ ਕੂਕਿਆਂ ਨਾਲ
ਪੱਤਾ ਪੱਤਾ ਵੈਰੀ,
ਪੈਰ ਪੈਰ ਰੋੜੇ,
ਰੋਮ ਰੋਮ ਕੋੜੇ,

## ਇਕ ਬਧ ਸਿੰਘ ਹੀ ਹੈ

## ... ਜਾਣੀ ਜਾਣਿਹਾ

Sri Satguru Jagjit Singh Ji Elibrary NamdhariElibrary@gmail.com

ਸਰਦਾਰ ਜੀ ਜਿੰਨੇ ਦਿਨ ਰਹੇ ਰੋਜ਼ ਸਤਿਗੁਰੂ ਜੀ ਦਾ ਦਰਸ਼ਨ ਕਰਦੇ ਰਹੇ । ਮਿਲਣ ਦਾ ਸਮਾਂ ਨਿਸ਼ਚਤ ਕਰ ਲਿਆ ਜਾਂਦਾ ਸੀ ਪਰ ਬਹੁਤ ਕਰਕੇ ਦਰਸ਼ਨ, ਸਤਿਗੁਰੂ ਜੀ ਦੇ ਸੈਰ ਜਾਣ ਸਮੇਂ ਹੁੰਦੇ । ਉਦੋਂ ਬਚਨ ਬਿਲਾਸ ਵੀ ਹੋ ਜਾਂਦੇ ਕੁਝ ਦਿਨ ਦਰਸ਼ਨ ਕਰਦੇ ਰਹੇ ਪਰ ਜਦੋਂ ਸਤਿਗੁਰੂ ਜੀ ਨੇ ਮਾਇਆ ਪਾਈ ਤਾਂ ਸਤਿਗੁਰੂ ਜੀ ਕੋਲੋਂ ਵਾਪਸ ਆਉਣ ਦੀ ਆਗਿਆ ਮੰਗੀ

ਸੁਣ ਬੋਲੇ ਸਤਿਗੁਰੂ ਜੀ ਸਹਿਜੇ ਸ਼ਾਂਤੀ ਨਾਲ ।
ਜਾਓ ਹੈ ਅੰਗ ਸੰਗ ਸਦਾ ਆਪ ਦੇ ਪੁਰਖ ਅਕਾਲ ।

ਸ੍ਰੀ ਸਤਿਗੁਰੂ ਜੀ ਨੇ ਆਸ਼ੀਰਵਾਦ ਦਿੰਦਿਆਂ ਸੰਗਤ ਦੇ ਨਾਮ ਇਕ ਹੁਕਮਨਾਮਾ ਵੀ ਭੇਜਿਆ ਸੀ ਜਿਸ ਦਾ ਮੁਖ ਮੰਤਵ ਕੁਝ ਇਸ ਤਰ੍ਹਾਂ ਸੀ :-

**ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ । ਇਹ ਸਿਖੀ ਨੂੰ ਹਰੀ ਰਖਣਗੇ ਇਨ੍ਹਾਂ ਨੂੰ ਸਿਰ ਕਰਤਾ ਮੰਨਣਾ। ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀ ਬਖਸ਼ਾਂਗਾ**

ਮਾਨਵੇਂਦਰ ਵਿਚ ਇਸ ਤਰ੍ਹਾਂ ਲਿਖਿਆ ਹੈ:-

ਜਾ ਕੇ ਦੇਣੀ ਪੰਥ ਨੂੰ ਸਾਡੀ ਇਹ ਅਰਦਾਸ । ਦਰਸ਼ਨ ਇਕ ਦਿਨ ਹੋਣਗੇ ਹੋਣ ਨਹੀ ਉਦਾਸ
ਬੁਧ ਸਿੰਘ ਜੀ ਦਾ ਅਜ ਤੋਂ ਹਰੀ ਸਿੰਘ ਹੈ ਨਾਮ । ਮੰਨੇ ਸਾਡੇ ਥਾਂ ਹੁਣ, ਉਹਨਾਂ ਨੂੰ ਪੰਥ ਤਮਾਮ
ਇਨ੍ਹ ਵਿਚ ਵਸੇ ਉਹਨਾਂ ਦੇ, ਧਰਮ ਨੇਮ ਦੀ ਸੇਖ। ਉਹ ਸਿਖੀ ਰਖਣ ਹਰੀ, ਹਰਾ ਭਰਾ ਰਹੇ ਪੰਥ
ਮੇਰਾ ਕੋਈ ਧਿਰਕਾਰੀਆ, ਬਖਸ਼ਣ ਕਿਰਪਾ ਧਾਰ।

**ਉਹ ਜਿਸ ਨੂੰ ਧਿਰਕਾਰ ਦੇਣ ਕੋਈ ਨ ਬਖਸ਼ਣਹਾਰ**

ਸਤਿਗੁਰੂ ਜੀ ਨੇ ਬਾਬਾ ਜੀ ਨੂੰ ਕਈ ਜ਼ਬਾਨੀ ਸੁਨੇਹੇ ਵੀ ਦਿੱਤੇ ਸਨ ਜਿਨ੍ਹਾਂ ਵਿਚੋਂ ਇਕ ਹੁਕਮ ਇਹ ਸੀ ਕਿ ਲੰਗਰ ਵਿਚ ਪ੍ਰਸ਼ਾਦਾ ਮੋਟਾ ਹੋਵੇ ਅਤੇ ਦਾਲ ਕਰੜ । ਇਹ ਹੁਕਮ ਹਾਲੀ ਰੰਗੂਨ ਵਿਚ ਬਾਬਾ ਜੀ ਨੂੰ ਸੁਣਾ ਹੀ ਰਹੇ ਸਨ ਕਿ ਉਸੇ ਪਲ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਲਾਂਗਰੀਆਂ ਨੂੰ ਕਹਿਆ ਕਿ ਲੰਗਰ ਵਿਚ

Sri Satguru Jagjit Singh Ji Elibrary NamdhariElibrary@gmail.com

ਪਰਸਾਦੇ ਮੋਟੇ ਅਤੇ ਦਾਲਾ ਕਰਣੇ ਦਾ ਹੁਕਮ ਹੋਇਆ ਹੈ
ਜਦੋਂ ਬਾਬਾ ਜੀ, ਸ੍ਰੀ ਸਤਿਗੁਰੂ ਜੀ ਦੀ ਆਗਿਆ ਲੈ ਕੇ ਵਾਪਸ ਆਉਣ
ਲਗੇ ਤਾਂ ਵਿਛੋੜਾ ਫਿਰ ਹੋਣ ਲੱਗਾ। ਨੈਣ ਛਮ ਛਮ ਵਰਸਣ ਲਗੇ। ਸਤਿਗੁਰੂ
ਜੀ ਨੇ ਧੀਰਜ ਬੰਧਾਈ ਅਤੇ ਥਾਪੜਾ ਦਿੱਤਾ। ਬਾਬਾ ਜੀ ਨਮਸਕਾਰ ਕਰ ਕੇ
ਰੰਗੂਨ ਬੰਦਰਗਾਹ ਤੇ ਪਹੁੰਚ ਗਏ। ਜਹਾਜ਼ ਰਾਹੀਂ ਕਲਕੱਤੇ ਪਹੁੰਚ ਗਏ। ਕਲਕੱਤੇ
ਤੋਂ ਗੱਡੀ ਰਾਹੀਂ ਲੁਧਿਆਣੇ ਪਹੁੰਚੇ। ਲੁਧਿਆਣੇ ਤੋਂ ਸ੍ਰੀ ਭੈਣੀ ਸਾਹਿਬ ਪਹੁੰਚ ਕੇ
ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਨ ਕੰਵਲਾਂ ਤੇ ਜਾ ਨਮਸਕਾਰ ਕੀਤੀ। ਜਿਹੜਾ
ਜਿਹੜਾ ਰੰਗੂਨ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਕਰਕੇ ਉਦਾਸ ਸੀ, ਉਹ
ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਕੇ ਪ੍ਰਫੁਲਤ ਹੋ ਗਿਆ। ਸਤਿਗੁਰੂ ਜੀ ਨੇ
ਛਾਤੀ ਨਾਲ ਲਾਇਆ ਅਤੇ ਸਾਰਾ ਹਾਲ ਪੁਛਿਆ। ਬਾਬਾ ਜੀ ਨੇ ਰਾਹ ਦਾ ਸਾਰਾ
ਹਾਲ, ਸਤਿਗੁਰੂ ਜੀ ਦੇ ਠਿਕਾਣੇ ਦਾ ਹਾਲ, ਸਤਿਗੁਰੂ ਜੀ ਦਰਸ਼ਨਾਂ ਦਾ ਸਾਰਾ ਹਾਲ
ਅਤੇ ਸਤਿਗੁਰੂ ਜੀ ਦੇ ਸਨੇਹੇ ਸਭ ਪ੍ਰੇਮ ਨਾਲ ਸੁਣਾਏ। ਅਖੀਰ ਤੇ ਸਤਿਗੁਰੂ
ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਭੇਜਿਆ
ਹੋਇਆ ਲਿਖਤੀ ਹੁਕਮਨਾਮਾ ਸਾਰੀ ਸਾਧ ਸੰਗਤ ਨੂੰ ਸੁਣਾਇਆ ਜਿਸ ਦਾ
ਸਾਰੰਸ਼ ਇਹ ਸੀ :- "ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ।
ਇਹ ਸਿਖੀ ਨੂੰ ਹਰੀ ਰਖਣਗੇ। ਇਨ੍ਹਾਂ ਨੂੰ ਸਿਰ ਕਰਤਾ ਮੰਨਣਾ। ਮੇਰੇ ਧੱਕੇ ਨੂੰ
ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀ ਬਖਸ਼ਾਂਗਾ।"
ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਸੁਣ ਕੇ ਸੰਗਤ ਨੂੰ ਸਤਿਗੁਰੂ ਬਾਲਕ ਸਿੰਘ
ਜੀ ਦੇ ਸਿਖ ਬਾਬਾ ਖੈਰਾ ਜੀ ਦੇ ਉਹ ਬਚਨ ਯਾਦ ਆ ਗਏ ਜਿਹੜੇ ਉਹ
ਤਿੰਨ ਆਸਣ ਵਿਛਾ ਕੇ ਆਖਿਆ ਕਰਦੇ ਸਨ

ਆਓ ਬਾਬਾ ਬਾਲਕ ਸਿੰਘ ਜੀ ਬੈਠੋ।
ਆਓ ਬਾਬਾ ਰਾਮ ਸਿੰਘ ਜੀ ਬੈਠੋ।
ਆਓ ਬਾਬਾ ਬੁਧ ਸਿੰਘ ਜੀ ਬੈਠੋ।

ਸਾਰੀ ਸੰਗਤ ਨੇ ਉਠ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕੀਤੀ
ਅਤੇ ਬਾਬਾ ਦਰਬਾਰਾ ਸਿੰਘ ਜੀ ਦੇ ਚਰਨਾਂ ਤੇ ਫਿਰ ਜਾਣ ਕੇ ਮੱਥਾ ਟੇਕਿਆ

ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ।
ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ, ਮੈ ਦਸੇ ਹਰਿ ਨਰਹਰੀਐ ਜੀਉ।

ਅਥਵਾ
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ, ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ

ਬਾਬਾ ਜੀ ਕੋਲੋਂ ਸਤਿਗੁਰੂ ਰਾਮ ਸਿੰਘ ਜੀ ਦੀ ਕਥਾ ਸੁਣ ਕੇ ਸਿਖ ਬੜੇ ਖੁਸ਼ ਹੋਏ
ਬਾਬਾ ਜੀ ਕੋਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਠਿਕਾਣੇ ਦਾ ਪਤਾ ਲਗ ਜਾਣ
ਰੰਗੂਨ ਜਾਣ ਦਾ ਰਾਹ ਅਤੇ ਸਤਿਗੁਰੂ ਜੀ ਦੇ ਠਿਕਾਣੇ ਦਾ ਪਤਾ ਲਗ ਜਾਣ
ਨਾਲ ਕਈਆਂ ਸਿਖਾਂ ਨੇ ਰੰਗੂਨ ਜਾਣ ਦਾ ਇਰਾਦਾ ਕਰ ਲਿਆ

HO

DATE

# ਸ੍ਰੀ ਮਾਨ ਬਾਬਾ ਬੈਂਕਾ ਜੀ 'ਲਬਾਲਬ'



ਸਤਿਗੁਰੂ ਬਾਲਕ ਸਿੰਘ ਹੁਰਾਂ ਦੇ ਸਿਖ ਪ੍ਰੇਮੀ ਬਾਂਕੇ । ਮਸਤੀ ਦੇ ਵਿਚ ਕੌਂਟਣ 'ਲਬਾਲਬ' ਆਸਣ ਤਿਨ ਵਿਛਾਕੇ ।
ਬਾਲਕ ਸਿੰਘ ਗੁਰੂ ਰਾਮ ਸਿੰਘ ਜੀ, ਬਾਬਾ ਬੁਧ ਸਿੰਘ ਆਏ । ਬੈਠੇ ਤਿਨੇ ਦੇਖੇ 'ਆਲਿਮ' ਜਗਮਗ ਜੋਤ ਜਗਾਕੇ ।

Sri Satguru Jagjit Singh Ji Elibrary NamdhariElibrary@gmail.com

ਭਾਵੇਂ ਅੰਗਰੇਜ਼ੀ ਸਰਕਾਰ ਨਾਮਧਾਰੀਆਂ ਤੇ ਬੜੀ ਸਖਤੀ ਕਰ ਰਹੀ ਸੀ ਪਰ ਬਾਬਾ ਦਰਬਾਰਾ ਸਿੰਘ ਜੀ ਦੇ ਰੰਗੂਨ ਜਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਕੇ ਆਉਣ ਅਤੇ ਹੁਕਮ ਨਾਮਾ ਲਿਆਉਣ ਕਰ ਕੇ ਸਾਰੇ ਪੰਥ ਵਿਚ ਫਿਰ ਜਾਗਰਿਤ ਆ ਗਈ । ਇਸ ਹੁਕਮ ਨਾਮੇ ਨੇ ਸਿਖਾਂ ਦੇ ਸੁਕੇ ਅਤੇ ਮੁਰਝਾਏ ਹੋਏ ਦਿਲਾਂ ਨੂੰ ਹਰਿਆਂ ਭਰਿਆਂ ਕਰ ਦਿੱਤਾ। ਸਿਖ ਪ੍ਰੇਮ ਅਤੇ ਸਰਧਾ ਨਾਲ ਸ੍ਰੀ ਭੈਣੀ ਸਾਹਿਬ ਜਾ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਲਗੇ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਿਰਹ ਕੁੱਠੇ ਦਿਲਾਂ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਕੇ ਤ੍ਰਿਪਤੀ ਹੋਣ ਲਗੀ । ਕਈਆਂ ਨੂੰ ਤਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਰੀਰ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਉਹ ਇਹ ਤੁਕ ਕਹਿਣ ਲਗੇ

## ਦੋਨੋ ਭਈਆ ਏਕ ਸਰੂਪ ਕਰ ਭਾਸੇ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਭ ਨੂੰ ਸ੍ਰੀ ਸਤਿਗੁਰ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਨਿਤ ਨੇਮ, ਪਾਠ ਅਤੇ ਅਰਦਾਸੇ ਕਰਨ ਵਾਸਤੇ ਹੁਕਮ ਕਰਦੇ ਸਨ

ਸੰਤ ਦਰਬਾਰਾ ਸਿੰਘ ਜੀ ਰਾਹੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਮੇ ਦੇ ਆਉਣ ਤੋਂ ਇਹ ਤਾਂ ਪਤਾ ਲਗ ਗਿਆ ਸੀ ਕਿ ਪੰਥ ਦੀ ਜਿਮੇਵਾਰੀ ਭਾਈ ਬੁਧ ਸਿੰਘ ਜੀ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) ਨੂੰ ਸੌਂਪੀ ਗਈ ਹੈ ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਰੀਰ ਦੇ ਦਰਸ਼ਨ ਨ ਹੋਣ ਕਰਕੇ ਸਿਖ ਬੜੇ ਦੁਖੀ ਸਨ

## ਅਖਾਂ ਸਾਮ੍ਹਣੇ ਜਿਦਾ ਮਹਿਬੂਬ ਤੁਰਜਾਏ
## ਉਹਦੀ ਹਾਲਤ ਨੂੰ ਉਹੋ ਹੀ ਜਾਣਦੀਏ

ਉਹ ਤਾਂ ਇਹ ਕਹਿੰਦੇ ਸਨ

ਸਾਨੂੰ ਸਤਿਗੁਰੂ ਬੜਾ ਹਨੇਰਾ
ਰੰਦੂੰ ਭਾਵੇਂ ਨਿਤ ਚੜਦਾ
ਨਹੀਂ ਭੁਲਣਾ ਵਿਛੋੜਾ ਤੇਰਾ
ਸਭ ਦੁਖ ਭੁਲ ਜਾਣਗੇ

ਇਹ ਰਾਮ ਵਿਜੋਗੀ ਸਿਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸਿਰ ਕਰਤਾ ਹਰ ਤਰਾਂ ਸਮਰਥ ਸਤਿਗੁਰ ਮੰਨਦੇ ਸਨ ਪਰ ਨਾਲ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਰੀਰ ਦੇ ਦਰਸ਼ਨ ਦੇ ਵੀ ਚਾਹਵਾਨ ਸਨ ਜਦੋਂ ਬਾਬਾ ਦਰਬਾਰਾ ਸਿੰਘ ਜੀ ਨੇ ਰੰਗੂਨ ਤੋਂ ਵਾਪਸ ਆ ਕੇ ਰਾਹ ਦਾ ਸਾਰਾ ਹਾਲ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਠਕਾਣੇ ਬਾਰੇ ਦਸਿਆ ਤਾਂ ਬੜੇ

ਨਾਮ ਵਿਜੋਗੀ ਸਿਖ ਰੰਗੂਨ ਜਾਣ ਲਈ ਤਿਆਰ ਹੋਏ।
ਹੁਣ ਡਰ ਇਹ ਸੀ ਕਿ ਸਰਕਾਰ ਨੂੰ ਪਤਾ ਨ ਲਗ ਜਾਏ। ਇਸ ਤੋਂ ਬਚਣ ਲਈ

## ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ

ਅਨੁਸਾਰ ਰੂਪ ਵਟਾ ਕੇ ਗੁਪਤ ਤਰੀਕੇ ਨਾਲ ਇਕ-ਇਕ ਦੋ ਦੋ ਕਰ ਕੇ ਜਾਣ ਲਗੇ
ਇਨ੍ਹਾਂ ਸਿਖਾਂ ਨੇ ਕਿਹੜੇ ਕਿਹੜੇ ਵੇਸ ਬਣਾਏ ! ਉਨ੍ਹਾਂ ਵਿਚੋਂ ਮਾਸਟਰ ਨਿਹਾਲ ਸਿੰਘ
ਜੀ ਦੇ ਲਿਖੇ ਅਨੁਸਾਰ ਇਕ ਦੋ ਮਿਸਾਲਾਂ ਇਸ ਤਰ੍ਹਾਂ ਹਨ। ਫਲੌਰ ਦੇ ਸੰਤ ਨਾਰਾਇਣ
ਸਿੰਘ ਜੀ ਨੇ ਇਹ ਵੇਸ ਬਣਾਇਆ ਸੀ

ਕੇਸ ਪਿਛਾਂ
ਸਿਰ ਤੇ ਕੁਲਾ ਜਰੱਦੀ,
ਉੱਪਰ ਪਸ਼ੌਰੀ ਲੁੰਗੀ
ਤੇੜ ਤੰਬਾ ਪਠਾਣੀ
ਪਿਠ ਤੇ ਥੈਲਾ
ਜਿਸ ਚ ਹਿੰਗ, ਜੀਰਾ, ਕਾਲੀ ਮਿਰਚ
ਹਾਂਗਲਾ ਸੱਕ ਨਾਲ ਬਾਦਾਮ ਪਸ਼ੌਰੀ
ਹੋਕਾ ਦੇਵੇ
ਹੀਂਗ ਲੇ ਲੋ ਹੀਂਗ

ਇਸ ਤਰ੍ਹਾਂ ਇਕ ਹੋਰ ਸਿਖ ਸੰਤ ਸੰਦਾ ਸਿੰਘ ਜੀ ਦਾ ਭੇਸ ਇਸ ਤਰ੍ਹਾਂ ਸੀ

ਮੱਥੇ ਤਿਲਕ ਸੰਧੂਰੀ,
ਉੱਪਰ ਤਿਲ-ਚੌਲ ਜੜੇ
ਜਿਵੇਂ ਜੜਦਾ ਜੌਹਰੀ ਸੁੱਚੇ ਨਗ
ਗੇਰਵੀ ਧੋਤੀ,
ਨਿੱਥੀ ਜੁੱਤੀ
ਖੱਬੇ ਮੋਢੇ ਅਧ ਸੀੜੀ ਝੋਲੀ
ਵਿਚ ਖੜਾਵਾਂ ਪੱਤਰੀ ਤੇ ਹੋਰ ਨਿਕੜ ਸੁੱਕੜ
ਸੱਜੇ ਹੱਥ ਕੁਰੱਟੇ
ਪੂਰਾ ਗੰਗਾ ਦਾ ਪਾਂਡਾ, ਜੋਤਸ਼ੀ
"ਹੱਥ ਵਖਾ ਲਓ।
ਟੇਵਾ ਲਵਾ ਲਓ।
ਅੱਗੋ ਪਿੱਛੋ ਦਾ ਹਾਲ ਪੁੱਛ ਲਓ।
ਸ਼ਨੀ, ਮੰਗਲ ਤੋਂ ਪਿੱਛਾ ਛੁੜਾ ਲਓ।
ਰੇਖ ਵਿਚ ਮੇਖ ਮਰਵਾ ਲਓ।

Sri Satguru Jagjit Singh Ji Elibrary NamdhariElibrary@gmail.com

ਇਸ ਤਰਾਂ ਭੇਸ ਵਟਾ ਵਟਾ ਕੇ ਸਿਖ ਇਕ ਇਕ ਦੋ ਦੋ ਕਰਕੇ ਰੰਗੂਨ ਜਾਣ ਲੱਗੇ । ਸੰਤ ਟਹਿਲ ਸਿੰਘ ਜੀ ਸੇਖਵਾਂ ਵਾਲੇ ਬਾਰੇ ਸੰਤ ਸੁੰਦਰ ਸਿੰਘ ਜੀ ਸੇਵਕ ਦੀ ਕਵਿਤਾ ਇਸ ਤਰ੍ਹਾਂ ਹੈ

ਬੈਠੇ ਸਤਿਗੁਰੂ ਜੀ ਵਿਚ ਬੰਗਲੇ ਦੇ, ਨਾਨੂੰ ਸਿੰਘ ਜੀ ਭੀ ਸੋਭਾ ਪਾਂਵਦੇ ਨੇ ।
ਮਿਠੀ ਸੁਰ ਦੇ ਵਿਚ ਗੁਰ ਸ਼ਬਦ ਗਾਵਨ, ਸਿੰਘ ਹੋਰੀਂ ਰਬਾਬ ਵਜਾਂਵਦੇ ਨੇ ।
ਭਿੰਨੀ ਰੈਣ ਤੇ ਚਮਕਦੇ ਹੈਨ ਤਾਰੇ, ਸਤਿਗੁਰ ਵਿਚ ਵੈਰਾਗ ਹੋ ਜਾਂਵਦੇ ਨੇ ।
ਕਹਿੰਦੇ ਸ਼ੇਰ ਗੱਜਨ ਹੋਵੇ ਵਾੜ ਨਾਗਾਂ, ਪ੍ਰੇਮੀ ਫਿਰ ਵੀ ਮਿਲਨ ਨੂੰ ਆਂਵਦੇ ਨੇ ।
ਗੁਰੂ ਸਿਖ ਦਾ ਪ੍ਰੇਮ ਜੋ ਲਿਖਿਆ ਏ, ਸਿਖ ਪੂਰਾ ਸੋ ਕਰ ਵਖਾਂਵਦੇ ਨੇ ।
ਓਹ ਤੇ ਚੀਰ ਸਮੁੰਦਰਾਂ ਖਾਰਿਆਂ ਨੂੰ, ਆਹਾ! ਮੌਤ ਤੋਂ ਖੌਫ ਨ ਖਾਂਵਦੇ ਨੇ ।
ਬੇੜਾ ਸਿਦਕ ਦਾ ਪਾਰ ਹੈ ਨਾਨੂੰ ਸਿੰਘ ਹੋਰ ਕਰਤੇ ਪਰੇਮ ਅਖਾਂਵਦੇ ਨੇ ।
ਬਾਹਰ ਖੜੇ ਸੀ ਟਹਿਲ ਸਿੰਘ ਬੰਗਲੇ ਦੇ, ਸਤਿਗੁਰਾਂ ਤੋਂ ਘੋਲ ਘੁਮਾਂਵਦੇ ਨੇ ।
ਸੁਣੋ ਸਿਖੋ ਰੰਗੂਨ ਦੇ ਬੰਗਲੇ ਕਿ ਬੂਟਾ ਅੰਬ ਦਾ ਵਡੇ ਵਿਸਥਾਰ ਦਾ ਸੀ ।
ਮੂਹਲੇਧਾਰ ਦਾ ਮੀਂਹ ਪਿਆ ਬਰਸਦਾ ਸੀ, ਕਾਲੀ ਰਾਤ ਤੇ ਬੱਦਲ ਗੂੰਜਦਾ ਸੀ।
ਟਹਿਲ ਸਿੰਘ ਖੜਾ ਹੇਠ ਅੰਬ ਦੇ ਤੇ ਸਲੋਕ ਫਰੀਦ ਉਚਾਰਦਾ ਸੀ।
ਗਲੀਆਂ ਚਿੱਕੜ ਤੇ ਘਰ ਹੈ ਦੂਰ ਤੇਰਾ ਉਚੀ ਸੁਰ ਦੇ ਨਾਲ ਪੁਕਾਰਦਾ ਸੀ।
ਸੁਣੀ ਸੁਰ ਜਾਂ ਸਤਿਗੁਰੂ ਰਾਮ ਸਿੰਘ ਨੇ, ਸਿਖ ਮੰਗਦਾ ਖੈਰ ਦੀਦਾਰ ਦਾ ਸੀ।
ਅਗੋਂ ਆਖਦੇ ਸਤਿਗੁਰੂ ਟਹਿਲ ਸਿੰਘ ਧੰਨ ਆਂਵਣ ਹੋਇਆ ਪਿਆਰ ਦਾ ਸੀ।
ਮੈਂ ਕੁਰਬਾਨ ਹਾਂ ਐਸਿਆਂ ਸੇਵਕਾਂ ਤੋਂ ਕੀਤਾ ਦਰਸ ਜਿਨਾਂ ਦਿਲਦਾਰ ਦਾ ਸੀ।
ਪ੍ਰੀਤਮ ਖੜੇ ਸੀ ਬਾਹਰ ਹੋ ਬੰਗਲੇ ਤੋਂ ਸਜਲ ਨੇਤਰੀਂ ਸੇਵਕ ਨਿਹਾਰਦਾ ਸੀ।

ਇਹ ਸੰਤ ਟਹਿਲ ਸਿੰਘ ਜੀ ਦਰਸ਼ਨ ਕਰਕੇ ਜਦੋਂ ਵਾਪਸ ਆਉਣ ਲਗੇ ਤਾਂ ਸੀ ਸਤਿਗੁਰੂ ਜੀ ਨੇ ਇਕ ਹੁਕਮ ਨਾਮਾ ਦਿੱਤਾ ਸੀ । ਰਾਹ ਵਿਚ ਇਨ੍ਹਾਂ ਦੀ ਤਲਾਸ਼ੀ ਹੋਈ ਸੀ, ਸੰਤ ਤਰਨ ਸਿੰਘ ਜੀ ਵਹਿਮੀ ਇਸ ਤਰ੍ਹਾਂ ਲਿਖਦੇ ਹਨ :-

ਹੁਕਮ ਨਾਮਾ ਸਤਿਗੁਰਾਂ ਤੋਂ ਪਾ
ਲਿਆ ਸੰਤ ਜੀ ਪੇਰਾ ਵਲਾ
ਹੋਈ ਤਲਾਸ਼ੀ ਕੀਤ ਯਾਦ
(ਗੁਰ) ਰਖਿਆ ਪੜਦਾ ਸੁਣ ਫਰਯਾਦ

ਭਾਵੇਂ ਪੰਜਾਬ ਵਿਚ ਵੀ ਨਾਮਧਾਰੀਆਂ ਤੇ ਬੜੀ ਸਖਤੀ ਹੋ ਰਹੀ ਸੀ ਅਤੇ ਰੰਗੂਨ ਵਿਚ ਵੀ ਬੰਗਲੇ ਦੇ ਚਹੁ ਪਾਸੀਂ ਸਖਤ ਪਹਿਰਾ ਸੀ ਪਰ

ਨਾਗਾਂ ਵਾੜ ਸਮੁੰਦ ਘਰ, ਕੇਹਰ ਖੜੇ ਬੁਕੰਨ ।
ਜੇ ਸ਼ਮ ਹੋਵੈ ਪਾਹਰੂ, ਪਰੇਮੀ ਜਾਇ ਮਿਲੰਨਿ ।

Sri Satguru Jagjit Singh Ji Elibrary NamdhariElibrary@gmail.com

ਅਨੁਸਾਰ ਬੜੇ ਪ੍ਰੇਮੀ ਸਿਖ ਰੰਗੂਨ ਜਾਣ ਲਗੇ । ਸਿਖਾਂ ਨੂੰ ਪਤਾ ਸੀ ਕਿ ਸ੍ਰੀ ਸਤਿਗੁਰੂ ਜੀ ਦੇ ਬੰਗਲੇ ਦੁਆਲੇ ਸੰਗੀਨਾਂ ਵਾਲੇ ਸੰਤਰੀਆਂ ਦਾ ਪਹਿਰਾ ਹੈ ਪਰ ਫਿਰ ਵੀ ਨ ਰੁਕੇ । ਕਿੰਨੇ ਕੁ ਗਏ ਇਸ ਦਾ ਕੋਈ ਪੂਰਾ ਪਤਾ ਨਹੀਂ ਹੈ

ਇਕ ਵਾਰੀ ਸਤਿਗੁਰੂ ਜੀ ਦੇ ਚਰਨਾਂ ਦੇ ਚਾਰ ਭੌਰੇ ਸਿਖਾਂ ਨੇ ਭਗਵੇਂ ਕਪੜੇ ਪਾ ਕੇ ਸਾਧਾਂ ਦਾ ਭੇਸ ਧਾਰ ਲਿਆ । ਹਥਾਂ ਵਿਚ ਕਰਮੰਡਲ ਤੇ ਡੋਰੀਆਂ ਫੜ ਲਈਆਂ, ਕੇਸ ਪਿਛਾਂਹ ਸੁਟ ਲਏ ਗਲਾਂ ਵਿਚ ਤੁਲਸੀ ਦੀਆਂ ਮਾਲਾਂ ਪਾ ਲਈਆਂ ਕਲਕਤਿਓਂ ਜਹਾਜ ਚੜ੍ਹ ਰੰਗੂਨ ਪੁਜ ਗਏ । ਗੁਪਤ ਰੀਤੀ ਨਾਲ ਪੁਛਦੇ ਪੁਛਾਂਦੇ ਬੰਗਲੇ ਕੋਲ ਪਹੁੰਚ ਗਏ । ਅਗੇ ਸੰਗੀਨਾਂ ਫੜੀ ਗੋਰੇ ਸੰਤਰੀਆਂ ਦਾ ਪਹਿਰਾ ਸੀ । ਉਨ੍ਹਾਂ ਸਾਧਾਂ ਕਿਤੇ ਛੁਪ ਕੇ ਆਪਣੇ ਨਾਵਾਂ ਦੀ ਚਿਠੀ ਲਿਖੀ ਅਤੇ ਕਿਸੇ ਰੋੜੇ ਨਾਲ ਬੰਨ੍ਹ ਸੰਤਰੀ ਦੀ ਅੱਖ ਬਚਾ ਕੇ ਬੰਗਲੇ ਦੇ ਅੰਦਰ ਸੁੱਟ ਦਿੱਤੀ । ਚਿਠੀ ਤਾਂ ਸਤਿਗੁਰੂ ਜੀ ਨੇ ਪੜ੍ਹ ਲਈ ਪਰ ਸੰਤਰੀਆਂ ਨੂੰ ਪਤਾ ਲਗ ਗਇਆ । ਸੰਤਰੀਆਂ ਨੇ ਉਨ੍ਹਾਂ ਚਾਰਾਂ ਸਿਖਾਂ ਨੂੰ ਗ੍ਰਿਫਤਾਰ ਕਰ ਕੇ ਜੇਲ ਵਿਚ ਬੰਦ ਕਰ ਦਿੱਤਾ । ਸ੍ਰੀ ਸਤਿਗੁਰੂ ਜੀ ਨੂੰ ਇਸ ਗਲ ਦਾ ਬੜਾ ਦੁਖ ਹੋਇਆ । ਉਨ੍ਹਾਂ ਗੋਰੇ ਸੰਤਰੀਆਂ ਨੂੰ ਘੂਰਦਿਆਂ ਹੋਇਆਂ ਕਿਹਾ ਕਿ ਅਜ ਤੁਸੀ ਸਾਡੇ ਸਿਖਾਂ ਨੂੰ ਇਥੇ ਆਉਣ ਤੋਂ ਰੋਕਦੇ ਹੋ, ਸਮਾਂ ਆਵੇਗਾ ਕਿ ਇਥੇ ਖਾਲਸਾ ਹੀ ਖਾਲਸਾ ਨਜ਼ਰ ਆਵੇਗਾ ਸ੍ਰੀ ਸਤਿਗੁਰੂ ਦਾ ਬਚਨ, ਬਾਅਦ ਵਿਚ ਬਿਲਕੁਲ ਸਤਿ ਹੋਇਆ । ਹਜਾਰਾਂ ਦੀ ਗਿਣਤੀ ਵਿਚ ਸਿਖ ਬਰਮਾ ਜਾ ਕੇ ਅਪਣਾ ਕੰਮ ਵਿਹਾਰ ਕਰਨ ਲਗੇ । ਸ਼ਹਿਰਾਂ ਅਤੇ ਪਿੰਡਾਂ ਵਿਚ ਸਿਖ ਪਹੁੰਚ ਗਏ । ਹੌਲੀ ਹੌਲੀ ਸਿਖਾਂ ਨੇ ਕਈ ਥਾਵਾਂ ਤੇ ਗੁਰਦੁਆਰੇ ਵੀ ਬਣਾ ਲਏ ।

ਹੁਣ ਜਦੋਂ ਸਰਕਾਰ ਨੇ ਵੇਖਿਆ ਕਿ ਸਿਖ ਮੌਤ ਤਕ ਦੀ ਵੀ ਪਰਵਾਹ ਨ ਕਰਦੇ ਹੋਏ ਰੰਗੂਨ ਪਹੁੰਚ ਜਾਂਦੇ ਹਨ ਅਤੇ ਕਈ ਗੁਪਤ ਤਰੀਕਿਆਂ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸਨ ਕਰ ਜਾਂਦੇ ਹਨ ਅਤੇ ਹੁਕਮਨਾਮੇ ਵੀ ਲੈ ਜਾਂਦੇ ਹਨ ਤਾਂ ਸਰਕਾਰ ਨੇ ਸਤਿਗੁਰੂ ਜੀ ਨੂੰ ਮਰਗੋਈ ਭੇਜਣ ਦਾ ਇੰਤਜ਼ਾਮ ਕੀਤਾ ਸ੍ਰੀ ਸਤਿਗੁਰੂ ਜੀ, ਸੰਤ ਨਾਨੂੰ ਸਿੰਘ ਜੀ ਸਹਿਤ, ਫੌਜੀ ਪਹਿਰੇ ਹੇਠ, ਆਨੰਦ ਨਾਮੀ ਸਮੁੰਦਰੀ ਜਹਾਜ ਤੇ ਰੰਗੂਨ ਤੋਂ ਮਰਗੋਈ ਜਾ ਰਹੇ ਸਨ ਕਿ ਰਾਹ ਵਿਚ ਜਹਾਜ ਬੜਾ ਡੋਲਣ ਲਗ ਪਿਆ । ਸ੍ਰੀ ਸਤਿਗੁਰੂ ਜੀ ਸਰਕਾਰ ਦੀ ਕੁਟਲਨੀਤੀ ਨੂੰ ਭਾਂਪ ਗਏ ਅਤੇ ਅਪਣਾ ਗੜਵਾ ਸਮੁੰਦ੍ਰ ਵਿਚ ਸੁੱਟ ਦਿਤਾ । ਗੜਵੇ ਸੁੱਟਣ ਦੀ ਦੇਰ ਸੀ ਕਿ ਜਹਾਜ ਬਿਲਕੁਲ ਠੀਕ ਚਲਣ ਲਗ ਪਿਆ ਅਤੇ ਮਰਗੋਈ ਪਹੁੰਚ ਗਿਆ । ਮਰਗੋਈ ਪਹੁੰਚਣ ਤੇ ਜਦੋਂ ਸ੍ਰੀ ਸਤਿਗੁਰੂ ਜੀ ਜਹਾਜ਼ ਤੋਂ ਉਤਰੇ ਤਾਂ ਸਮੁੰਦ੍ਰ ਦੇਵਤਾ ਇਕ ਮਨੁਖ ਜਾਮੇ ਵਿਚ ਗੜਵਾ ਲੈ ਕੇ ਹਾਜਰ ਹੋਇਆ ਅਤੇ ਸ੍ਰੀ ਸਤਿਗੁਰੂ ਜੀ ਨੂੰ ਬੜੇ ਅਦਬ ਨਾਲ ਗੜਵਾ ਪੇਸ਼ ਕਰਕੇ ਪਤਾ ਨਹੀਂ ਲੱਗਾ ਕਿ ਕਿਧਰ ਚਲਾ ਗਿਆ । ਸ੍ਰੀ ਸਤਿਗੁਰੂ ਜੀ ਨੇ ਭਾਈ ਨਾਨੂੰ ਸਿੰਘ ਜੀ ਨੂੰ

Sri Satguru Jagjit Singh Ji Elibrary NamdhariElibrary@gmail.com

ਕਿਹਾ, ਭਾਈ ਵੇਖ ਲੈ, ਮੇਰੇ ਗੜਵੇ ਨੂੰ ਵੀ ਕੋਈ ਨਹੀਂ ਰਖ ਸਕਦਾ, ਮੈਨੂੰ ਕੋਈ ਕਿਵੇਂ ਰਖ ਸਕੇਗਾ?

## ਪੌਣ, ਜਲ, ਅਗਨੀ, ਜਿਸ ਦਾ ਅਮਰ ਮੰਨੈ
## ਉਹਨੂੰ ਕੌਣ ਸੀ ਕਿਤੇ ਲੈ ਜਾਣ ਵਾਲਾ

ਖੈਰ, ਸਰਕਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਇਕ ਬੰਗਲੇ ਵਿਚ ਰਖਿਆ ਗਿਆ। ਇਸ ਬੰਗਲੇ ਦੇ ਚਾਰ ਚੁਫੇਰੇ ਲਕੜੀ ਦਾ ਜੰਗਲਾ ਸੀ ਅਤੇ ਬਾਹਰ ਸੰਗੀਨਾਂ ਵਾਲੇ ਸੰਤਰੀਆਂ ਦਾ ਪਹਿਰਾ ਸੀ। ਇਹ ਬੰਗਲਾ ਭਾਵੇਂ ਕਿਸੇ ਨਾਵਾਕਫ ਥਾਂ ਤੇ ਸੀ ਅਤੇ ਸਰਕਾਰ ਨੇ ਅਪਣੇ ਵਲੋਂ ਅਪਹੁੰਚ ਸਮਝਿਆ ਹੋਇਆ ਸੀ ਪਰ ਗੁਰੂ ਕੇ ਸਿਖ ਇਥੇ ਵੀ ਪਹੁੰਚ ਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਜਾਂਦੇ ਸਨ। ਇਨ੍ਹਾਂ ਸਿਖਾਂ ਵਿਚੋਂ ਇਕ ਸਿਖ ਸਨ ਸੰਤ ਮੀਹਾਂ ਸਿੰਘ ਜੀ ਸਰਹਾਲੀ ਵਾਲੇ। ਇਨ੍ਹਾਂ ਦੀ ਸਾਖੀ ਕੁਝ ਇਸ ਤਰ੍ਹਾਂ ਹੈ

ਪਿੰਡ ਸਰਹਾਲੀ ਜ਼ਿਲੇ ਅੰਮ੍ਰਿਤ ਸਰ ਵਿਚ ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਇਸ ਪਿੰਡ ਵਿਚ ਇਕ ਸਰਦਾਰ ਸ਼ਾਮ ਸਿੰਘ ਜੀ ਰਹਿੰਦੇ ਸਨ। ਆਮ ਸਰਦਾਰਾਂ ਵਾਂਗੂ ਇਹ ਵੀ ਮਾਸ ਖਾਣ, ਸ਼ਰਾਬ ਪੀਣ ਅਤੇ ਹੋਰ ਵੀ ਕਈ ਐਬਾਂ ਦੇ ਸ਼ਿਕਾਰ ਸਨ। ਇਨ੍ਹਾਂ ਦੇ ਪੰਜ ਪੁਤ੍ਰ ਸਨ ਜਿਨ੍ਹਾਂ ਵਿਚੋਂ ਚੌਥੇ ਪੁਤ੍ਰ ਦਾ ਨਾਮ ਸ੍ਰ. ਮੀਹਾਂ ਸਿੰਘ ਸੀ। ਸ੍ਰ. ਮੀਹਾਂ ਸਿੰਘ ਜੀ ਜਸਮਾਨੀ ਤਾਕਤ ਵਲੋਂ ਅਪਣੇ ਇਰਧ ਗਿਰਧ ਦੇ ਪਿੰਡਾਂ ਵਿਚੋਂ ਭੀਮ-ਬਲੀ ਮੰਨੇ ਜਾਂਦੇ ਸਨ। ਮਾਸ ਖਾਣਾ ਸ਼ਰਾਬੀ ਪੀਣੀ ਅਤੇ ਚੋਰੀ ਯਾਰੀ ਇਨ੍ਹਾਂ ਦਾ ਆਮ ਸ਼ੁਗਲ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਸਿਖੀ ਪਰਚਾਰ ਸ਼ੁਰੂ ਕੀਤਾ ਤਾਂ ਜਿਥੇ ਲਖਾਂ ਇਸਤਰੀਆਂ ਅਤੇ ਪੁਰਖ ਨਾਮਧਾਰੀ ਬਣੇ ਉਥੇ ਪਹਿਲਾਂ ਸ੍ਰ: ਸ਼ਾਮ ਸਿੰਘ ਜੀ ਅਤੇ ਬਾਅਦ ਵਿਚ ਸ੍ਰ: ਮੀਹਾਂ ਸਿੰਘ ਜੀ ਵੀ ਨਾਮਧਾਰੀ ਸਜ ਗਏ। ਐਸੀ ਕਿਰਪਾ ਹੋਈ ਕਿ ਘਰ ਦਾ ਨਕਸ਼ਾ ਹੀ ਬਦਲ ਗਿਆ ਜਿਥੇ ਪਹਿਲਾਂ ਮਾਸ ਖਾਣ, ਸ਼ਰਾਬ ਪੀਣ ਅਤੇ ਚੋਰਾਂ ਡਾਕੂਆਂ ਦੀਆਂ ਮਹਿਫਲਾਂ ਹੁੰਦੀਆਂ ਸਨ ਉਥੇ ਹੁਣ ਸਾਧਾਂ ਸੰਤਾਂ ਦੇ ਦੀਵਾਨ ਸਜਦੇ ਅਤੇ ਸ਼ਾਕਾਹਾਰੀ ਲੰਗਰ ਹੋਣ ਲਗ ਪਏ। ਕੁਝ ਚਿਰ ਪਿਛੋਂ ਸ੍ਰ: ਮੀਹਾਂ ਸਿੰਘ ਜੀ ਬਰਮਾ ਜਾ ਕੇ ਨੌਕਰੀ ਕਰ ਲਈ। ਸਾਧ ਸੰਗਤ ਦੇ ਕਿਨ੍ਹੇ ਤੋਂ ਵਾਂਝਿਆਂ ਹੋਣ ਕਰਕੇ ਅਤੇ ਭੈੜੀ ਸੰਗਤ ਵਿਚ ਫਸ ਜਾਣ ਕਰ ਕੇ ਫਿਰ ਕਈ ਐਬਾਂ ਦੇ ਸ਼ਿਕਾਰ ਹੋ ਗਏ

ਜਦੋਂ ਸ੍ਰੀ ਸਤਿਗੁਰ ਰਾਮ ਸਿੰਘ ਜੀ ਦੇ ਕਈ ਪ੍ਰੇਮੀ ਸਿਖ ਦਰਸ਼ਨ ਕਰਨ ਵਾਸਤੇ ਰੰਗੂਨ ਜਾਣ ਲਗੇ ਤਦੋਂ ਸ੍ਰ: ਮੀਹਾਂ ਸਿੰਘ ਜੀ ਦੇ ਵਡੇ ਵੀਰ ਸ੍ਰ: ਜੀਊਣ ਸਿੰਘ ਜੀ ਵੀ ਇਕ ਹੋਰ ਸਿਖ ਸੰਤ ਸੁਧੇਗ ਸਿੰਘ ਜੀ ਨਾਲ ਰੰਗੂਨ ਪਹੁੰਚੇ। ਇਹ ਦੋਵੇਂ ਸਿਖ ਪਹਿਲਾਂ ਸ੍ਰ: ਮੀਹਾਂ ਸਿੰਘ ਜੀ ਨੂੰ ਮਿਲੇ। ਫਿਰ ਮੀਹਾਂ ਸਿੰਘ ਸਮੇਤ

Sri Satguru Jagjit Singh Ji Elibrary NamdhariElibrary@gmail.com

ਇਹ ਤਿੰਨੇ ਸਿਖ ਭੇਸ ਵਟਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗਏ । ਜਦੋਂ ਬੰਗਲੇ ਦੇ ਕੋਲ ਪਹੁੰਚੇ ਤਾਂ ਦੂਰੋਂ ਹੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ । ਪਹਿਰਾ ਬੜਾ ਸਖਤ ਸੀ । ਚਰਣ ਪਰਸ਼ਣ ਦੀ ਆਸ ਨ ਹੋਣ ਕਰਕੇ ਇਨ੍ਹਾਂ ਇਕ ਕਾਗਦ ਤੇ ਅਪਣੇ ਸੁਨੇਹੇ ਲਿਖੇ । ਕਾਗਦ ਰੂਪੀ ਚਿਠੀ ਨੂੰ ਇਕ ਛੋਟੇ ਜਹੇ ਪਥਰ ਨਾਲ ਬੰਨ੍ਹ ਕੇ ਦੂਰੋਂ ਹੀ, ਸੰਤਰੀ ਦੀ ਅਖ ਬਚਾ ਕੇ ਬੰਗਲੇ ਅੰਦਰ ਸੁੱਟ ਦਿਤੀ । ਸਤਿਗੁਰੂ ਜੀ ਨੇ ਉਹ ਚਿਠੀ ਫੜ ਲਈ ਅਤੇ ਇਸ਼ਾਰੇ ਨਾਲ ਚਲੇ ਜਾਣ ਵਾਸਤੇ ਕਹਾ । ਅਗਲੇ ਦਿਨ ਇਹ ਤਿੰਨੇ ਸਰੀਰ ਫਿਰ ਲਕੜੀਆਂ ਚੁਣਨ ਦੇ ਬਹਾਨੇ ਉਸੇ ਬੰਗਲੇ ਕੋਲ ਚਲੇ ਗਏ । ਉਸ ਦਿਨ ਸ੍ਰੀ ਸਤਿਗੁਰੂ ਜੀ ਨੇ ਅਪਣਾ ਹੁਕਮਨਾਮਾ ਲਿਖ ਕੇ ਇਕ ਪਥਰ ਨਾਲ ਬੰਨ੍ਹ ਕੇ ਸੰਤਰੀ ਦੀ ਅੱਖ ਬਚਾ ਕੇ ਇਨ੍ਹਾਂ ਵਲ ਸੁੱਟ ਦਿੱਤਾ । ਹੁਕਮ ਨਾਮਾ ਫੜ ਕੇ ਸਿਰ ਮੱਥੇ ਛੁਹਾਇਆ ਅਤੇ ਸ੍ਰੀ ਸਤਿਗੁਰੂ ਜੀ ਨੂੰ ਦੂਰੋਂ ਹੀ ਨਮਸਕਾਰ ਕਰ ਕੇ ਵਾਪਸ ਚਲੇ ਗਏ । ਰਾਹ ਵਿਚ ਹੀ ਕਿਸੇ ਨਵੇਕਲੀ ਥਾਂ ਤੇ ਹੁਕਮ ਨਾਮਾ ਪੜ੍ਹਿਆ । ਹੁਕਮ ਨਾਮੇ ਵਿਚ ਸਿਖਿਆਦਾਇਕ ਗਲਾਂ ਲਿਖੀਆਂ ਹੋਈਆਂ ਸਨ । ਪੜ੍ਹ ਕੇ ਬੜੇ ਖੁਸ਼ ਹੋਏ ਅਤੇ ਆਪਣੇ ਡੇਰੇ ਚਲੇ ਗਏ । ਕੁਝ ਦਿਨਾਂ ਬਾਅਦ ਇਹ ਤਿੰਨੇ ਭਾਰਤ ਵਾਪਸ ਆ ਗਏ ।

ਸਰਹਾਲੀ ਰਹਿੰਦਿਆਂ ਸ੍ਰ: ਮੀਹਾਂ ਸਿੰਘ ਜੀ ਨੂੰ ਲਕਵਾ ਹੋ ਗਿਆ ਸੀ ਮੂੰਹ ਵਿੰਗਾ ਹੋ ਗਿਆ, ਸ਼ਕਲ ਬਦਸੂਰਤ ਅਤੇ ਡਰਾਉਣੀ ਹੋ ਗਈ । ਬੋਲਿਆ ਵੀ ਸਾਫ਼ ਨਹੀਂ ਸੀ ਜਾਂਦਾ । ਅੱਖਾਂ ਵਿਚੋਂ ਪਾਣੀ ਅਤੇ ਮੂੰਹ ਤੋਂ ਲਾਲਾਂ ਵਗਦੀਆਂ ਸਨ ਸਿਹਤ ਬਹੁਤ ਕਮਜ਼ੋਰ ਹੋ ਗਈ । ਅਖੀਰ ਜਦੋਂ ਸ੍ਰੀ ਭੈਣੀ ਸਾਹਿਬ ਜਾ ਕੇ ਸ੍ਰੀ ਸਤਿਗੁਰੂ ਹਰੀਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਦੀ ਬਖਸ਼ਸ਼ ਦੁਆਰਾ ਉਨ੍ਹਾਂ ਦੇ ਸਹਿਜ ਸੁਭਾ ਬਚਨ ਦੁਆਰਾ ਹੀ ਸ੍ਰ: ਜੀ ਦਾ ਮੂੰਹ ਬਿਲਕੁਲ ਸਿਧਾ ਹੋ ਗਿਆ ਫਿਰ ਸੋਹਣਾ ਹੋ ਗਿਆ । ਸ੍ਰੀ ਸਤਿਗੁਰੂ ਹਰੀਸਿੰਘ ਜੀ ਨੇ ਬਚਨ ਤਾਂ ਭਾਵੇਂ ਸ੍ਰ: ਮੀਹਾਂ ਸਿੰਘ ਜੀ ਨਾਲ ਕੀਤਾ ਸੀ ਪਰ ਹੈ ਉਹ ਸਾਰੀ ਸੰਗਤ ਵਾਸਤੇ ਸੀ ਕਿਉਂ ਜੋ

## ਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਬਚਨ ਗੁਰਮਤ ਦਾ ਨਚੋੜ ਸੀ ਆਪ ਜੀ ਦਾ ਬਚਨ ਸੀ, ਭਾਈ ।

## ਜਦ ਤੱਕ ਸਿਖ ਦਾ ਮੂੰਹ ਆਪਣੇ ਸਤਿਗੁਰਾਂ ਵੱਲ ਸਿਧਾ ਹੈ ਤਦ ਤੱਕ ਤੁਸਨੂੰ ਕੋਈ ਹੋਰ ਦੁਖ-ਰੋਗ ਵਿੰਗਾ ਨਹੀਂ ਕਰ ਸਕਦੇ ।

ਸੰਤ ਮੀਹਾਂ ਸਿੰਘ ਜੀ ਕੁਝ ਚਿਰ ਭਾਰਤ ਰਹੇ । ਇਥੇ ਰਹਿੰਦਿਆਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਦੇ ਰਹਿੰਦੇ ਸਨ ਪਰ ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਮਨ ਐਸਾ ਉਤਾਵਲਾ ਹੋਇਆ ਕਿ ਆਪ ਜੀ ਨੇ ਫਿਰ ਰੰਗੂਨ ਜਾਣ ਦਾ ਪ੍ਰੋਗ੍ਰਾਮ ਬਣਾ ਲਿਆ । ਆਪ ਪਹਿਲਾਂ ਸ੍ਰੀ ਭੈਣੀ ਸਾਹਿਬ ਗਏ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ, ਉਨ੍ਹਾਂ ਕੋਲੋਂ ਰੰਗੂਨ ਜਾਣ ਦੀ ਆਗਿਆ ਲਈ, ਸੁਨੇਹੇ ਲਏ ਅਤੇ ਅਸ਼ੀਰਬਾਦ ਲੈ ਕੇ ਇਕੱਲੇ ਹੀ ਭੇਸ ਬਦਲ ਕੇ ਰੰਗੂਨ ਪਹੁੰਚ ਗਏ । ਭਾਵੇਂ ਰੁਕਾਵਟਾਂ ਬੜੀਆਂ ਸਨ ਪਰ ਸ੍ਰੀ ਗੁਰੂ ਜੀ ਦੀ ਕਿਰਪਾ ਨਾਲ ਰੰਗੂਨ ਸਹੀ ਸਲਾਮਤ ਪਹੁੰਚ ਗਏ । ਇਥੋਂ ਪਤਾ ਲਗਾ ਕਿ ਅੰਗਰੇਜ਼ੀ ਸਰਕਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਇਕ ਲਾ ਪਤਾ, ਉਜਾੜ ਅਤੇ ਪਸਿਤਿਆਂ ਜਗਾਹ ਮਰਗੋਈ ਭੇਜ ਦਿੱਤਾ ਹੈ । ਸ੍ਰ: ਜੀ ਦੇ ਅੰਦਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਐਸੀ ਲਾਲਸਾ ਅਤੇ ਐਸੀ ਖਿਚ ਸੀ ਕਿ ਨ ਜੰਗਲ ਦੀ ਪਰਵਾਹ ਕੀਤੀ ਨ ਜੰਗਲੀ ਜਾਨਵਰਾਂ ਦੀ ਪਰਵਾਹ ਕੀਤੀ ਝਟ ਮਰਗੋਈ ਜਾਣ ਦੀ ਤਿਆਰੀ ਕਰ ਲਈ ਅਤੇ ਤਾਂ ਹੀ ਪਤਾ ਲਗਾ ਕਿ ਆਪ

## ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ

ਅਨੁਸਾਰ ਸਾਰੀਆਂ ਰੁਕਾਵਟਾਂ ਦੀ ਪਰਵਾਹ ਨ ਕਰਦੇ ਹੋਏ, ਮਰਗੋਈ ਸ੍ਰੀ ਸਤਿਗੁਰੂ ਜੀ ਦੇ ਬੰਗਲੇ ਕੋਲ, ਇਕ ਬਦਲੇ ਹੋਏ ਭੇਸ ਵਿਚ ਪਹੁੰਚ ਗਏ । ਪਹਿਰਾ ਤਾਂ ਬੜਾ ਸਖਤ ਸੀ ਸੰਤਰੀ ਸੰਗੀਨਾਂ ਲਈ ਬੰਗਲੇ ਦੇ ਚਾਰ ਚੁਫੇਰੇ ਪਹਿਰਾ ਦੇ ਰਹੇ ਸਨ । ਸਤਿਗੁਰੂ ਜੀ ਦੇ ਦੂਰੋਂ ਹੀ ਦਰਸ਼ਨ ਕੀਤੇ, ਦਰਸ਼ਨ ਤਾਂ ਹੋ ਗਏ ਸਨ ਪਰ ਮਨ ਚਰਨ ਛੁਹ ਪ੍ਰਾਪਤ ਕਰਨ ਲਈ ਅਥਵਾ ਬਚਨ ਬਿਲਾਸ ਕਰਨ ਲਈ ਉਤਾਵਲਾ ਸੀ । ਮਨ ਵਿਚ ਐਸਾ ਵਲਵਲਾ ਉਠਿਆ ਕਿ ਲਕ ਬੰਨੀ ਚਾਦਰ ਲਾਹ ਕੇ ਥਲੇ ਰਖ ਦਿੱਤੀ, ਸੰਤਰੀਆਂ ਤੋਂ ਬਚਾ ਕੇ ਬੰਗਲੇ ਦਾ ਜੰਗਲਾ ਟੱਪ ਕੇ, ਬੰਗਲੇ ਦੇ ਅੰਦਰ ਖੜੇ ਸਾਰੀ ਖੇਡ ਵੇਖ ਰਹੇ ਸ੍ਰੀ ਸਤਿਗੁਰੂ ਜੀ ਦੇ ਚਰਨ ਕਮਲਾਂ ਤੇ ਜਾ ਨਮਸਕਾਰ ਕੀਤੀ । ਸ੍ਰੀ ਸਤਿਗੁਰੂ ਜੀ ਨੇ ਚੁਕ ਕੇ ਛਾਤੀ ਨਾਲ ਲਾਇਆ ਅਤੇ ਉਸ ਨੂੰ ਪਲੰਘ ਤੇ ਹੀ ਬਿਠਾ ਲਿਆ ਬੜੇ ਪਿਆਰ ਨਾਲ ਰਾਹ ਦਾ ਹਾਲ, ਸ੍ਰੀ ਭੈਣੀ ਸਾਹਿਬ ਦਾ ਹਾਲ ਅਤੇ ਪਰਵਾਰਕ ਸੁਖ ਸਾਂਦ ਪੁਛੀ । ਹਲੀ ਬੜੇ ਚਿਰਾਂ ਤੋਂ ਪਿਛੋਂ ਮਿਲਨੀ ਦੇ ਬਚਨ ਹੋ ਹੀ ਰਹੇ ਸਨ ਕਿ ਬਾਹਰੋਂ ਸੰਤਰੀ ਅੰਦਰ ਆ ਗਏ ਅਤੇ ਬੜੀ ਬੇਰਹਿਮੀ ਅਤੇ ਬੇਦਰਦੀ ਨਾਲ ਸ੍ਰ: ਜੀ ਨੂੰ ਘਸੀਟ ਕੇ ਬਾਹਰ ਲੈ ਗਏ ਅਤੇ ਜੇਹਲ ਵਿਚ ਬੰਦ ਕਰ ਦਿੱਤਾ ਸ੍ਰ: ਜੀ ਕੁਝ ਚਿਰ ਜੇਹਲ ਵਿਚ ਰਹਿਣ ਬਾਅਦ ਵਾਪਸ ਪੰਜਾਬ ਭੇਜ ਦਿੱਤੇ ਗਏ

ਇਸੇ ਤਰਾਂ ਹੋਰ ਵੀ ਅਣਗਣਿਤ ਸਿਖ ਰੰਗੂਨ ਅਥਵਾ ਮਰਗੋਈ ਪਹੁੰਚ ਕੇ ਸਤਿਜੁਗੀ ਰੋਸ਼ਨ ਮੀਨਾਰ ਅਥਵਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਦੇ ਰਹੇ ਅਤੇ ਪੰਜਾਬ ਜਾ ਕੇ ਸਤਿਗੁਰੂ ਜੀ ਦੇ ਹੁਕਮਾਂ ਦਾ ਗੁਪਤ ਪਰਚਾਰ ਕਰਦੇ ਰਹੇ

Sri Satguru Jagjit Singh Ji Elibrary NamdhariElibrary@gmail.com

ਨਾਗਾਂ ਵਾੜ, ਸਮੁੰਦ ਘਰ, ਕੇਹਰ ਖੜੇ ਥੁਕਨ ।
ਜੇ ਜਮ ਹੋਵੈ ਪਾਹਰੂ, ਪਰੇਮੀ ਜਾਇ ਮਿਲੰਨਿ ।



ਸੰਤ ਮੀਹਾਂ ਸਿੰਘ ਜੀ ਸਰਹਾਲੀ ਵਾਲੇ

ਭੇਸ ਬਦਲ ਕੇ, ਮਰਗੋਈ ਪਹੁੰਚ ਕੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਦੀ ਚਰਨ ਛੁਹ ਪ੍ਰਾਪਤ ਕਰਨ ਲਈ ਬੰਗਲੇ ਦਾ ਜੰਗਲਾ ਟਪ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

ਅਸੀ ਜੀਵ , ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮਸਿੰਘ ਜੀ ਦੀ ਗਤਿ ਮਿਤ ਕਿਸ ਤਰਾਂ ਜਾਣ ਸਕਦੇ ਹਾਂ ?

## ਤੂ ਦਰੀਆਉ ਦਾਨਾ ਬੀਨਾ
## ਮੈ ਮਛੁਲੀ ਕੈਸੇ ਅੰਤੁ ਲਹਾ ।

ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਬਚਲ ਨਗਰ ਤੋਂ ਨਿਕਲ ਕੇ ਸ੍ਰੀਮਾਨ ਬਾਬਾ ਅਜਾਪਾਲ ਸਿੰਘ ਜੀ ਦੇ ਨਾਮ ਤੇ ਗੁਪਤੇ ਵਿਚਰਦੇ ਰਹੇ , ਇਸੇ ਤਰ੍ਹਾਂ ਆਪਣੀ ਰਜ਼ਾ ਦੇ ਮਾਲਕ , ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਗੁਪਤ ਵਿਚਰਣ ਵਾਸਤੇ ਮਰਗੋਈ ਵਿਚੋਂ ਅਲੋਪ ਹੋ ਗਏ । ਇਸ ਗੁਪਤ ਰੂਪ ਵਿਚ ਵੀ ਆਪ ਜੀ ਨੇ ਕਈਆਂ ਨੂੰ ਦਰਸ਼ਨ ਦੇ ਕ੍ਰਿਤਾਰਥ ਕੀਤਾ ਅਥਵਾ ਦਰਸ਼ਨ ਦੇ ਕੇ ਕ੍ਰਿਤਾਰਥ ਕਰ ਰਹੇ ਹਨ

ਆਓ , ਹੁਣ ਜਰਾ ਉਨ੍ਹਾਂ ਬਚਨਾਂ ਨੂੰ ਇਕ ਵੇਰ ਫੇਰ ਵੀਚਾਰੀਏ ਜਿਹੜੇ ਸ੍ਰੀ ਸਤਿਗੁਰੂ ਜੀ ਨੇ ਪ੍ਰਦੇਸ ਜਾਣ ਸਮੇਂ ਕੀਤੇ ਸਨ

## ਅੰਗਰੇਜ਼ ਮੈਨੂੰ ਮਰ ਗਿਆ ਆਖਣਗੇ ਪਰ
## ਤੁਸਾਂ ਇਤਬਾਰ ਨਹੀਂ ਕਰਨਾ ..

ਅੰਤਰਜਾਮੀ ਸ੍ਰੀ ਸਤਿਗੁਰੂ ਜੀ ਜਾਣਦੇ ਸਨ ਕਿ ਅਸਾਂ ਐਸੀ ਖੇਡ ਖੇਡਣੀ ਹੈ ਕਿ ਅੰਗਰੇਜ਼ੀ ਸਰਕਾਰ ਇਹ ਆਖਣ ਲਈ ਮਜਬੂਰ ਹੋ ਜਾਏਗੀ ਕਿ ਸ੍ਰੀ ਸਤਿਗੁਰੂ ਜੀ ਚੜ੍ਹਾਈ ਕਰ ਗਏ ਹਨ। ਸ੍ਰੀ ਸਤਿਗੁਰੂ ਜੀ ਦੇ ਜਿਥੇ ਦੂਜੇ ਸਾਰੇ ਬਚਨ ਸਤਿ ਹੋਏ ਉਥੇ ਇਹ ਬਚਨ ਵੀ ਸਤਿ ਹੋਇਆ

ਸ੍ਰੀ ਸਤਿਗੁਰੂ ਜੀ ਤਾਂ ਆਪਣੀ ਰਜ਼ਾ ਅਨੁਸਾਰ ਅਲੋਪ ਹੋ ਗਏ ਸਨ ਪਰ ਹੁਣ ਅੰਗਰੇਜ਼ੀ ਸਰਕਾਰ ਦੁਨੀਆਂ ਨੂੰ ਕੀ ਆਖੇ ? ਇਹ ਤਾਂ ਆਖ ਨਹੀਂ ਸੀ ਸਕਦੀ ਕਿ ਸਤਿਗੁਰੂ ਜੀ ਜੇਹਲ ਵਿਚੋਂ ਗਾਇਬ ਹੋ ਗਏ ਹਨ । ਜੇ ਇਹ ਆਖੇ ਤਾਂ ਦੁਨੀਆਂ ਕਹੇਗੀ ਕਿ ਤੁਹਾਡਾ ਪਹਿਰਾ ਕੀ ਹੋਇਆ ? ਜਾਂ ਫਿਰ ਸਵਾਲ ਉਠੇਗਾ ਕਿ ਸਰਕਾਰ ਨੇ ਚੁਪ ਚੁਪੀਤੇ ਮਰਵਾ ਦਿੱਤਾ ਹੈ ਫਿਰ ਵੀ ਦੁਨੀਆਂ ਵਿਚ ਹਾਨੀ ਹੋਵੇਗੀ । ਸੋ ਸਰਕਾਰ ਨੇ ਆਪਣੇ ਵਲੋਂ ਸਚਿਆਂ ਹੋਣ ਦੇ ਖਿਆਲ ਨਾਲ ਇਹ ਖਬਰ ਫੈਲਾ ਦਿੱਤੀ ਕਿ ਸ੍ਰੀ ਸਤਿਗੁਰੂ ਜੀ ਦਾ ੨੯ ਨਵੰਬਰ ਸੰਨ ੧੮੮੫ ਨੂੰ ਡਾਇਰੀਆਂ ਦੇ ਕਾਰਨ ਦੇਹਾਂਤ ਹੋ ਗਿਆ ਹੈ

Sri Satguru Jagjit Singh Ji Elibrary NamdhariElibrary@gmail.com

ਅਤੇ 30 ਨਵੰਬਰ ਨੂੰ ਉਨ੍ਹਾਂ ਦਾ ਸਸਕਾਰ ਵੀ ਕਰ ਦਿਤਾ ਗਿਆ।

ਕਹਿੰਦੇ ਹਨ ਕਿ ਝੂਠ ਦੇ ਪੈਰ ਨਹੀਂ ਹੁੰਦੇ। ਜੇ ਸ੍ਰੀ ਸਤਿਗੁਰੂ ਜੀ ਦੇ ਦੇਹਾਂਤ ਵਾਲੀ ਗਲ ਸਹੀ ਹੁੰਦੀ ਤਾਂ ਬਰਮਾ ਦੇ ਸਭ ਤੋਂ ਵਡੇ ਅਫਸਰ, ਚੀਫ ਕਮਿਸ਼ਨਰ, ਸਰ ਚਾਰਲਸ ਬਰਨਾਰਡ ਨੂੰ ਆਪਣੇ ਜਾਤੀ ਮਿਤਰ ਸ੍ਰ: ਅਤਰਸਿੰਘ ਭਦੌੜ ਨੂੰ ਆਪਣੀ 23 ਅਗਸਤ ਸੰਨ 1886 ਵਾਲੀ ਚਿਠੀ ਵਿਚ ਇਹ ਲਿਖਣ ਦੀ ਲੋੜ ਨ ਪੈਂਦੀ ਕਿ

"(ਗੁਰੂ) ਰਾਮ ਸਿੰਘ ਕੂਕਾ ਐਸੀ ਦੂਰ ਥਾਂ ਤੇ ਬਦਲਿਆ ਜਾ ਰਿਹਾ ਹੈ ਜਿਥੋਂ (ਕੂਕਿਆਂ ਦਾ) ਇਨ੍ਹਾਂ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ"

ਆਪ ਹੀ ਵੀਚਾਰ ਲਉ ਕਿ ਸਰਕਾਰ ਕਿੰਨੀ ਕੁ ਸਹੀ ਸੀ ਕਿ ਪਹਿਲਾਂ ਇਹ ਐਲਾਨ ਕੀਤਾ ਕਿ 29 ਨਵੰਬਰ ਸੰਨ 1885 ਨੂੰ ਸ੍ਰੀ ਸਤਿਗੁਰੂ ਜੀ ਦਾ ਦੇਹਾਂਤ ਹੋ ਗਿਆ ਹੈ ਅਤੇ ਫਿਰ ਚੀਫ ਕਮਿਸ਼ਨਰ ਨੇ 23 ਅਗਸਤ ਸੰਨ 1886 ਨੂੰ ਇਹ ਲਿਖਿਆ ਕਿ ਸਤਿਗੁਰੂ ਜੀ ਨੂੰ ਕਿਸੇ ਦੂਰ ਥਾਂ ਤੇ ਭੇਜਿਆ ਜਾ ਰਿਹਾ ਹੈ।

ਫਿਰ ਸੰਨ 1885 ਦੀ ਜੇਹਲ ਰਿਪੋਰਟ ਵਿਚ ਜਿਥੇ ਹੋਰ ਵਖ ਵਖ ਬੀਮਾਰੀਆਂ ਨਾਲ ਕੈਦੀਆਂ ਦਾ ਗੁਜ਼ਰ ਜਾਣਾ ਲਿਖਿਆ ਹੈ ਉਥੇ ਡਾਇਰੀਆ ਨਾਲ ਗੁਜ਼ਰ ਜਾਣ ਕਿਸੇ ਵੀ ਕੈਦੀ ਦਾ ਜ਼ਿਕਰ ਨਹੀਂ

ਕਿਸੇ ਕਵੀ ਨੇ ਇਹ ਠੀਕ ਲਿਖਿਆ ਹੈ

**ਸਚਾਈ ਛੁਪ ਨਹੀਂ ਸਕਤੀ ਬਨਾਵਟ ਕੇ ਅਸੂਲੋਂ ਸੇ**
**ਕਭੀ ਖੁਸ਼ਬੋ ਆ ਨਹੀਂ ਸਕਤੀ ਕਾਗਜ਼ ਕੇ ਫੂਲੋਂ ਸੇ**

ਜੇ ਕੋਈ ਚੰਦ੍ਰਮਾਂ ਦੇ ਪਾਣੀ ਵਿਚ ਦਿਸ ਰਹੇ ਪਰਛਾਵੇਂ ਨੂੰ ਕਿਸੇ ਤਰਾਂ ਛੁਪਾਉਣ ਦੀ ਕੋਸ਼ਸ਼ ਕਰਦਾ ਹੈ, ਉਹ ਪਰਛਾਵੇਂ ਨੂੰ ਭਾਵੇਂ ਕਿਸੇ ਤਰ੍ਹਾਂ ਛੁਪਾ ਲਵੇਗਾ ਪਰ ਚੜ੍ਹੇ ਚੰਦ੍ਰਮਾਂ ਨੂੰ ਤਾਂ ਛੁਪਾ ਨਹੀਂ ਸਕਦਾ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਅੰਗ੍ਰਜ਼ੀ ਸਰਕਾਰ ਨੂੰ ਹੋਰ ਝੁਠਿਆਂ ਕਰਨ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਗਾਤਰੇ ਅਤੇ ਗੁਟਕੇ ਦੀ ਮੰਗ ਕੀਤੀ ਪਰ ਸਰਕਾਰ ਇਹ ਚੀਜ਼ਾਂ ਨ ਦੇ ਸਕੀ, ਜਿਹੜੇ ਬਸਤਰ ਦਿੱਤੇ ਉਹ ਵੀ ਜਾਅਲੀ ਹੀ ਸਨ ਕਿਓਂ ਜੋ ਉਹ ਤਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਵੀ ਛੋਟੇ ਅਤੇ ਤੰਗ ਸਨ ਜਦ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਰੀਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਰੀਰ ਨਾਲੋਂ ਲੰਮਾ ਅਤੇ ਭਰਵਾਂ ਸੀ

ਫਿਰ ਕਮਾਲ ਦੀ ਗਲ ਤਾਂ ਇਹ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਦੇਹਾਂਤ ਦੀ ਸਰਕਾਰ ਵਲੋਂ ਦੱਸੀ ਗਈ ਤਾਰੀਕ 29 ਨਵੰਬਰ ਸਨ 1885 ਤੋਂ ਪਿਛੋਂ ਕਈਆਂ ਸਰੀਰਾਂ ਨੂੰ ਸਤਿਗੁਰੂ ਜੀ ਦੇ ਦਰਸ਼ਨ ਹੋਏ ਸਨ ਅਤੇ ਹੁਣ ਵੀ ਹੁੰਦੇ ਹਨ

ਸ੍ਰੀ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

## ਰਾਜ ਬਿਨਾਸੀ, ਤਾਮ ਬਿਨਾਸੀ, ਸਾਤਕੁ ਭੀ ਬੇਨਾਸਾ
## ਦ੍ਰਿਸਟਮਾਨ ਹੈ ਸਗਲ ਬਿਨਾਸੀ ਇਕ ਸਾਧ ਬਚਨ ਆਗਾਧਾ

ਇਥੇ ਤਾਂ ਇਕ ਸਾਧ ਦੇ ਬਚਨ ਬਾਰੇ ਲਿਖਿਆ ਹੈ ਕਿ ਦੁਨੀਆਂ ਭਾਵੇਂ ਤਬਾਹ ਹੋ ਜਾਵੇ ਪਰ ਇਹ ਕਦੇ ਹੋ ਨਹੀਂ ਸਕਦਾ ਕਿ ਸਾਧ ਦਾ ਬਚਨ ਪੂਰਾ ਨ ਹੋਵੇ। ਜਦ ਇਕ ਸਾਧ ਦਾ ਬਚਨ ਅਵੱਸ਼ ਹੀ ਪੂਰਾ ਹੁੰਦਾ ਹੈ ਤਾਂ ਸਾਧਾਂ ਦੇ ਬਣਾਉਣ ਵਾਲੇ ਦੇ ਇਹ ਬਚਨ ਕਿਉਂ ਨ ਪੂਰੇ ਹੋਣਗੇ ਕਿ,

"ਮੈਂ ਇਸੇ ਦੇਹ ਵਿਚ ਜ਼ਰੂਰ ਵਾਪਸ ਆਵਾਂਗਾ। ਜਿੰਨਾ ਚਿਰ ਸਾਰੀ ਸ੍ਰਿਸ਼ਟੀ ਤੇ ਧਰਮ ਨਹੀਂ ਵਰਤਦਾ ਮੈਂ ਕਿਤਲੇ ਨਹੀਂ ਜਾਂਦਾ। ਸੂਰਜ ਭਾਵੇਂ ਲਹਿੰਦੇ ਵਲੋਂ ਚੜ੍ਹਨ ਲਗ ਪਵੇ ਪਰ ਇਹ ਕਦੇ ਹੋ ਨਹੀਂ ਸਕਦਾ ਕਿ ਮੈਂ ਨ ਆਵਾਂ"

ਸ੍ਰੀ ਸਤਿਗੁਰੂ, ਸੱਚੇ ਪਾਤਸ਼ਾਹ ਜੀ ਦੇ ਬਚਨ ਅਵੱਸ਼ ਹੀ ਪੂਰੇ ਹੋਣਗੇ ਇਸ ਲਈ ਸਾਨੂੰ ਉਨ੍ਹਾਂ ਦੇ ਦਰਸ਼ਨ ਦੀ ਆਸ ਰਖਣੀ ਚਾਹੀਦੀ ਹੈ ਅਤੇ ਡੋਲਣਾ ਨਹੀਂ ਚਾਹੀਦਾ

## "ਅਸਥਿਰ ਰਹਹੁ, ਡੋਲਹੁ ਮਤ ਕਬਹੂੰ,
## ਗੁਰ ਕੈ ਬਚਨ ਅਧਾਰ"

ਨਾਲ ਹੀ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਸੱਚੇ ਪਾਤਸ਼ਾਹ ਜੀ! ਸਿਖੀ ਵੀ ਤੇਰੀ ਅਤੇ ਸਿਦਕ ਵੀ ਤੇਰਾ, ਸਾਡਾ ਸਿਦਕ ਭਰੋਸਾ ਬਣਾਈ ਰਖਹੁ ਅਤੇ ਦਰਸ਼ਨ ਦੀ ਦਾਤ ਬਖਸ਼ੋ

## ਨਾਨਕ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ

Sri Satguru Jagjit Singh Ji Elibrary NamdhariElibrary@gmail.com